# ਕੈਨੇਡਾ ਪੰਜਾਬ ਲਿੰਕ

WEEKLY NEWSPAPER

VOL. : 12 ISSUE : 04 SATURDAY, 27 JANUARY, 2024

52 YEARS OF EXCELLENCE – THE LINK GROUP

www.punjablinkpaper.com 604-503-5465



MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
• Residential Mortgage
• Construction Mortgage
• Commercial Loan
• Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver



Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ ਵਿਜ਼ਟਰ ਇੰਸ਼ੋਰੈਂਸ
• ਲਾਇਫ ਇੰਸ਼ੋਰੈਂਸ • ਟ੍ਰੈਵਲ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ • ਵਿਜ਼ਟਰ ਇੰਸ਼ੋਰੈਂਸ
• RESP,RRSP's
• ਮੋਰਟਗੇਜ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com


# ਫੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ੇ ਦੋ ਸਾਲ ਲਈ ਸੀਮਤ ਕਰਨ ਦਾ ਐਲਾਨ

ਮਾਂਟਰੀਅਲ–ਫੈਡਰਲ ਸਰਕਾਰ ਵਿਦੇਸ਼ੀ ਵਿਦਿਆਰਥੀਆਂ ਦੀ ਵੱਡੀ ਗਿਣਤੀ ਵਿਚ ਆਮਦ ਨਾਲ ਹਾਊਸਿੰਗ ਅਤੇ ਸਿਹਤ ਸੰਭਾਲ ਪ੍ਰੋਗਰਾਮਾਂ 'ਤੇ ਪੈ ਰਹੇ ਦਬਾਅ ਨੂੰ ਘੱਟ ਕਰਨ ਦੀ ਕੋਸ਼ਿਸ਼ ਵਿਚ ਅੰਤਰਰਾਸ਼ਟਰੀ ਸਟੱਡੀ ਵੀਜ਼ਿਆਂ ਦੀ ਗਿਣਤੀ ਨੂੰ ਆਰਜ਼ੀ ਤੌਰ 'ਤੇ ਘੱਟ ਕਰ ਦੇਵੇਗੀ। ਇਸ ਦਾ ਐਲਾਨ ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਨੇ ਮਾਂਟਰੀਅਲ ਵਿਚ ਲਿਬਰਲ ਦੀ ਕੈਬਨਿਟ ਰੀਟਰੀਟ ਦੇ ਪਹਿਲੇ ਦਿਨ ਸਮੇਂ ਕੀਤਾ। ਮਿਲਰ ਨੇ ਦੱਸਿਆ ਕਿ ਸਰਕਾਰ ਅਗਲੇ ਦੋ ਸਾਲਾਂ ਲਈ ਜਾਰੀ ਕੀਤੇ ਜਾਂਦੇ ਨਵੇਂ ਅੰਤਰਰਾਸ਼ਟਰੀ ਸਟੱਡੀ ਪਰਮਿਟ ਦੀ ਗਿਣਤੀ ਨੂੰ ਸੀਮਤ ਕਰੇਗੀ। ਮੌਜੂਦਾ ਸਾਲ ਦੌਰਾਨ ਫੈਡਰਲ ਸਰਕਾਰ ਨਵੇਂ ਅੰਤਰਰਾਸ਼ਟਰੀ ਸਟੱਡੀ ਪਰਮਿਟਾਂ ਦੀ ਗਿਣਤੀ ਨੂੰ ਇਕ ਤਿਹਾਈ ਤਕ ਸੀਮਤ ਕਰ ਦੇਵੇਗੀ। ਇਸ ਕੈਪ ਦੇ ਨਤੀਜੇ ਵਜੋਂ ਮਨਜ਼ੂਰ ਕੀਤੇ ਜਾਣ ਵਾਲੇ ਸਟੱਡੀ ਪਰਮਿਟਾਂ ਦੀ ਗਿਣਤੀ ਲਗਪਗ 364000 ਰਹਿ ਜਾਵੇਗੀ ਜਿਹੜੇ 2023 ਦੀ ਗਿਣਤੀ ਤੋਂ 35 ਫ਼ੀਸਦੀ ਘੱਟ ਹੋਣਗੇ। ਨਿਰਪੱਖਤਾ ਦੀ ਭਾਵਨਾ ਨਾਲ ਜਨਸੰਖਿਆ ਦੇ ਆਧਾਰ 'ਤੇ ਸੂਬਿਆਂ 'ਤੇ ਕੈਪ ਲਾਗੂ ਕੀਤੀ ਜਾ ਰਹੀ ਹੈ। ਸਰਕਾਰ ਨੇ ਦੱਸਿਆ ਕਿ ਉਹ ਇਸ ਸਾਲ ਦੇ ਅਖੀਰ ਵਿਚ 2025 ਲਈ ਕੈਪ ਦਾ ਐਲਾਨ ਕਰੇਗੀ। ਮੰਤਰੀ ਨੇ ਦੱਸਿਆ ਕਿ ਸੂਬਿਆਂ ਦਾ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲਾ ਦੇਣ ਦਾ ਪੱਧਰ ਵੱਖ ਵੱਖ ਹੋਣ ਕਾਰਨ ਕੈਪ ਦਾ ਮਤਲਬ ਕੁਝ ਸੂਬੇ ਵਿਦਿਆਰਥੀਆਂ ਦੀ ਗਿਣਤੀ ਵਧਾ ਸਕਣਗੇ ਜਦਕਿ ਓਨਟਾਰੀਓ ਵਰਗੇ ਦੂਸਰੇ ਸੂਬਿਆਂ ਵਿਚ ਵਿਦਿਆਰਥੀਆਂ (ਬਾਕੀ ਸਫ਼ਾ 10 'ਤੇ)



## ਇਮੀਗ੍ਰੇਸ਼ਨ ਮੰਤਰੀ ਨੂੰ ਕਾਲਜਾਂ ਵਿਚ ਨਾ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਖ਼ਿਲਾਫ਼ ਕਾਰਵਾਈ ਕਰਨ ਦੀ ਅਪੀਲ

ਓਟਵਾ–ਇਮੀਗ੍ਰੇਸ਼ਨ ਮਾਹਿਰ ਸਰਕਾਰ ਨੂੰ ਅਪੀਲ ਕਰ ਰਹੇ ਹਨ ਕਿ ਉਹ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟਾਂ ਦੀ ਦੁਰਵਰਤੋਂ ਕਰਨ ਵਾਲਿਆਂ ਖਿਲਾਫ ਕਾਰਵਾਈ ਕਰੇ। ਇਨ੍ਹਾਂ ਵਿਚ ਉਹ ਲੋਕ ਵੀ ਸ਼ਾਮਿਲ ਹਨ ਜਿਹੜੇ ਕੈਨੇਡਾ ਵਿਚ ਤਾਂ ਆ ਜਾਂਦੇ ਹਨ ਪਰ ਕਾਲਜ ਜਾਂ ਯੂਨੀਵਰਸਿਟੀ ਪੜ੍ਹਨ ਨਹੀਂ ਜਾਂਦੇ ਜਿਥੇ ਉਨ੍ਹਾਂ ਨੇ ਦਾਖਲਾ ਲਿਆ ਹੁੰਦਾ ਹੈ। ਇਮੀਗ੍ਰੇਸ਼ਨ, ਰਿਫਊਜ਼ੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਸੀਸੀ) ਨੂੰ ਵੀ ਅਪੀਲ ਕੀਤੀ ਜਾ ਰਹੀ ਹੈ ਕਿ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਵੇ ਜਿਹੜੇ ਨਿੱਜੀ ਕਾਲਜਾਂ ਵਿਚ ਪੜ੍ਹਨ ਲਈ ਬਾਹਰੋਂ ਅਪਲਾਈ ਕਰਦੇ ਹਨ ਜਿਥੇ ਉਹ ਪਹੁੰਚਦੇ ਹੀ ਨਹੀਂ। ਸਟੈਟਿਕਟਿਕਸ ਕੈਨੇਡਾ ਵਲੋਂ ਨਵੰਬਰ ਵਿਚ ਕੀਤੇ ਵਿਸ਼ਲੇਸ਼ਣ ਵਿਚ ਪਾਇਆ ਗਿਆ ਕਿ 19 ਫ਼ੀਸਦੀ ਸਟੱਡੀ ਪਰਮਿਟ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਕਾਲਜ ਜਾਂ ਯੂਨੀਵਰਸਿਟੀ ਵਿਖੇ ਪੜ੍ਹਾਈ ਕਰਨ ਦਾ ਕੋਈ ਰਿਕਾਰਡ ਨਹੀਂ। ਸਟੈਟਿਕਟਿਕਸ ਕੈਨੇਡਾ ਦੀ ਰਿਪੋਰਟ ਵਿਚ ਉਨ੍ਹਾਂ ਅੰਤਰਰਾਸ਼ਟਰੀ (ਬਾਕੀ ਸਫ਼ਾ 10 'ਤੇ)

## ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 10 ਲੱਖ ਤੋਂ ਟੱਪੀ

ਓਟਵਾ–ਸਰਕਾਰੀ ਅੰਕੜਿਆਂ ਮੁਤਾਬਿਕ ਕੈਨੇਡਾ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 10 ਲੱਖ ਤੋਂ ਟੱਪ ਗਈ ਹੈ। ਇਹ ਵਾਧਾ ਸਰਕਾਰ ਦੇ ਆਪਣੇ ਅੰਦਰੂਨੀ ਪੂਰਵ ਅਨੁਮਾਨਾਂ ਨਾਲ ਕਿਤੇ ਤੇਜ਼ੀ ਨਾਲ ਹੋਇਆ ਹੈ। ਇਮੀਗ੍ਰੇਸ਼ਨ, ਰਿਫਊਜੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਵਿਭਾਗ ਨੇ ਇਕ ਅੰਗਰੇਜ਼ੀ ਅਖ਼ਬਾਰ ਨੂੰ ਦੱਸਿਆ ਕਿ ਦਸੰਬਰ ਦੇ ਅਖੀਰ ਵਿਚ ਸਟੱਡੀ ਪਰਮਿਟ ਧਾਰਕਾਂ ਦੀ ਗਿਣਤੀ 1028850 ਸੀ ਜਿਨ੍ਹਾਂ ਵਿਚੋਂ ਅੱਧੇ ਤੋਂ ਵੱਧ ਤਾਂ ਇਕੱਲੇ ਓਨਟਾਰੀਓ ਸੂਬੇ ਵਿਚ ਹਨ। 2019 ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 637855 ਸੀ ਜਿਹੜੀ 2022 ਵਿਚ 807260 ਹੋ ਗਈ। ਇਸ ਗੱਲ 'ਤੇ ਚਿੰਤਾ ਪ੍ਰਗਟ ਕੀਤੀ ਗਈ ਹੈ ਕਿ ਭਾਰਤ ਸਮੇਤ ਬਹੁਤ ਸਾਰੇ ਵਿਦਿਆਰਥੀਆਂ ਦਾ ਏਜੰਟਾਂ ਵਲੋਂ ਸੋਸ਼ਣ ਕੀਤਾ ਜਾ ਰਿਹਾ ਹੈ ਜਿਹੜੇ ਉਨ੍ਹਾਂ ਨੂੰ ਕੈਨੇਡਾ ਵਿਚ ਘਟੀਆਂ ਮਿਆਰ, ਸਹਾਇਤਾ ਅਤੇ ਸਹੂਲਤਾਂ ਤੋਂ ਵਾਂਝੇ ਨਿੱਜੀ ਕਾਲਜਾਂ ਵਿਚ ਦਾਖਲੇ ਦਿਵਾਉਂਦੇ ਹਨ। ਆਈਆਰਸੀਸੀ ਨੇ ਦੱਸਿਆ ਕਿ 10 ਲੱਖ ਤੋਂ ਵੀ ਵੱਧ ਸਟੱਡੀ (ਬਾਕੀ ਸਫ਼ਾ 10 'ਤੇ)


For All Kind of Real Estate Needs
ਕਾਬਲੀਅਤ, ਤਜਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੋਇੰਟਮੈਂਟ
ARVINDER S. KALSEY AVINEET S. KALSEY
• ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
• ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions & Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119 -12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
• Complete Denture • Implant Denture • Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਨ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D. Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
A INSURANCE
• ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
• ਮੋਰਟਗੇਜ ਇੰਸ਼ੋਰੈਂਸ
• ਡਿਸੇਬਿਲਟੀ ਇੰਸ਼ੋਰੈਂਸ
• ਵਿਜ਼ਟਰ ਇੰਸ਼ੋਰੈਂਸ
• ਟ੍ਰੈਵਲ ਇੰਸ਼ੋਰੈਂਸ
• ਕਰਿਟੀਕਲ ਇਲਨੈਸ ਇੰਸ਼ੋਰੈਂਸ
• ਮਨੀ ਬੈਕ ਟਰਮ ਇੰਸ਼ੋਰੈਂਸ
• ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
• ਨੋਨ ਮੈਡੀਕਲ ਇੰਸ਼ੋਰੈਂਸ
• RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

TRANSource FREIGHTWAYS
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA ALBERTA - BC
Fuel and Insurance Paid by Company NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

mortgages lab
ਕਿਸੇ ਵੀ ਤਰ੍ਹਾਂ ਦੀ ਮੋਰਗੇਜ ਲੈਣ ਲਈ ਸੰਪਰਕ ਕਰੋ
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੋਰਗੇਜ
Rate hold from 6 months to 1 year
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
Get Preapproval in 2 Hours
Licensed professional mortgage broker

APNA DENTAL CENTRE
UNIT 306-A, 8035 120 STREET DELTA, BC V4C 6P8
Dr. Pran Nath Vashisht (Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤੱਸਲੀਬਖ਼ਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


FRASERVIEW
BANQUET HALL
presents
the Views
dosa hub
FUSION OF FLAVOURS
IN OUR EVERY BITE
LUNCH SPECIALS
11 AM - 3 PM
HAPPY HOURS
4 PM - 6 PM
8248, Fraser Street
236-455-5848
viewsdosahub.com

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
# ਪੰਜਾਬ ਲਿੰਕ
52 YEARS OF EXCELLENCE — THE LINK GROUP
WEEKLY NEWSPAPER
VOL.: 12 ISSUE: 04 SATURDAY, 27 JANUARY, 2024
www.punjablinkpaper.com 604-503-5465

ਰੇਡੀਓ ਪੰਜਾਬ ਹੁਣ AM 1600 ਅਤੇ 105.3 FM 'ਤੇ
Radio Punjab
ਤਿੰਨ ਰੰਗ
6pm to 9pm
B.C. Time
Every Weekend
Amarjit Singh
Studio: #300 12960 84AVE Surrey
Ph: 604 335 1313
www.radiopunjab.ca

# ਆਮ ਆਦਮੀ ਪਾਰਟੀ ਪੰਜਾਬ 'ਚ ਇਕੱਲਿਆਂ ਲੜੇਗੀ ਚੋਣਾਂ

## ਕੇਜਰੀਵਾਲ ਨੇ ਭਗਵੰਤ ਮਾਨ ਦੀ ਗੱਲ ਮੰਨੀ

ਚੰਡੀਗੜ੍ਹ-ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਅਗਲੀਆਂ ਲੋਕ ਸਭਾ ਚੋਣਾਂ ਇਕੱਲੇ ਤੌਰ 'ਤੇ ਲੜਨ ਦਾ ਫ਼ੈਸਲਾ ਗੈਰਰਸਮੀ ਤੌਰ 'ਤੇ ਕਰ ਲਿਆ ਹੈ ਜਿਸ ਦਾ ਜਨਤਕ ਤੌਰ 'ਤੇ ਖੁਲਾਸਾ 'ਇੰਡੀਆ' ਗੱਠਜੋੜ ਦੀ ਅਗਲੀ ਮੀਟਿੰਗ ਵਿਚ ਹੋਵੇਗਾ। ਲੰਘੇ ਦਿਨੀਂ ਦਿੱਲੀ 'ਚ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿਚ ਮੀਟਿੰਗ ਹੋਈ ਸੀ ਜਿਸ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਸ਼ਾਮਿਲ ਹੋਏ ਸਨ। ਸੀਨੀਅਰ ਲੀਡਰਸ਼ਿਪ ਕੋਲ ਭਗਵੰਤ ਮਾਨ ਨੇ ਪੰਜਾਬ ਦੇ ਮੌਜੂਦਾ ਸਿਆਸੀ ਹਾਲਾਤ 'ਤੇ ਚਾਨਣਾ ਪਾਇਆ ਅਤੇ ਇਕੱਲੇ ਤੌਰ 'ਤੇ ਚੋਣ ਲੜਨ ਬਾਰੇ ਕਿਹਾ। ਸੂਤਰਾਂ ਅਨੁਸਾਰ ਆਮ ਆਦਮੀ ਪਾਰਟੀ ਦੀ ਹਾਈ ਕਮਾਂਡ ਨੇ ਭਗਵੰਤ ਮਾਨ ਦੀ ਤਜਵੀਜ਼ ਪ੍ਰਵਾਨ ਕਰ ਲਈ ਹੈ ਅਤੇ ਪੰਜਾਬ ਵਿਚ ਕਾਂਗਰਸ ਨਾਲ ਕਿਸੇ ਤਰ੍ਹਾਂ ਦਾ ਕੋਈ ਸਿਆਸੀ ਗੱਠਜੋੜ ਨਾ ਕਰਨ ਦਾ ਫ਼ੈਸਲਾ ਲਿਆ ਹੈ। ਮੀਟਿੰਗ ਵਿਚ ਫ਼ੈਸਲਾ ਹੋਇਆ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਵਿੱਚ 'ਆਪ' ਪੰਜਾਬ ਨੂੰ ਲੈ ਕੇ ਆਪਣੇ ਫ਼ੈਸਲੇ ਬਾਰੇ ਜਾਣੂ ਕਰਾਏਗੀ।



ਮੁੱਖ ਮੰਤਰੀ ਭਗਵੰਤ ਮਾਨ ਤਾਂ ਸ਼ੁਰੂ ਤੋਂ ਹੀ ਕਾਂਗਰਸ ਨਾਲ ਪੰਜਾਬ ਵਿਚ ਗੱਠਜੋੜ ਦੇ ਪੱਖ ਵਿਚ ਨਹੀਂ ਸਨ ਪਰ ਹੁਣ ਹਾਈ ਕਮਾਂਡ ਨੇ ਵੀ ਗੈਰਰਸਮੀ ਤੌਰ 'ਤੇ ਮੋਹਰ ਲਗਾ ਦਿੱਤੀ ਹੈ। ਸੂਤਰ ਦੱਸਦੇ ਹਨ ਕਿ ਇੰਡੀਆ ਗੱਠਜੋੜ ਦੀ ਅਗਲੀ ਮੀਟਿੰਗ ਤੋਂ ਪਹਿਲਾਂ 'ਆਪ' ਨੇ ਕੁਝ ਹਲਕਿਆਂ ਤੋਂ ਆਪਣੇ ਉਮੀਦਵਾਰਾਂ ਦੀ ਮੁੱਢਲੀ ਸ਼ਨਾਖਤ ਕੀਤੀ ਹੈ। ਪਾਰਟੀ ਨੇ ਤੈਅ ਕੀਤਾ ਹੈ ਕਿ ਹਰ ਲੋਕ ਸਭਾ ਹਲਕੇ ਤੋਂ ਮੁੱਢਲੇ ਪੜਾਅ 'ਤੇ ਤਿੰਨ ਸੰਭਾਵੀ ਉਮੀਦਵਾਰਾਂ ਦੀ ਸੂਚੀ ਤਿਆਰ ਕੀਤੀ ਜਾਵੇਗੀ। 13 ਲੋਕ ਸਭਾ ਹਲਕਿਆਂ ਲਈ 39 ਉਮੀਦਵਾਰਾਂ ਦੀ ਸੂਚੀ ਤਿਆਰ ਹੋਵੇਗੀ ਤੇ ਇਨ੍ਹਾਂ ਉਮੀਦਵਾਰਾਂ 'ਚੋਂ ਹੀ ਇੱਕ ਉਮੀਦਵਾਰ ਫਾਈਨਲ ਕੀਤਾ ਜਾਵੇਗਾ।

# ਲੋਕ ਸਭਾ ਚੋਣਾਂ 16 ਅਪ੍ਰੈਲ ਤੋਂ ਹੋਣ ਦੀ ਸੰਭਾਵਨਾ

ਨਵੀਂ ਦਿੱਲੀ (ਦਿਓਲ)-ਦਿੱਲੀ ਦੇ ਮੁੱਖ ਚੋਣ ਅਧਿਕਾਰੀ (ਸੀਈਓ) ਦਫ਼ਤਰ ਵੱਲੋਂ 11 ਜ਼ਿਲ੍ਹਾ ਚੋਣ ਅਧਿਕਾਰੀਆਂ (ਡੀਈਓ'ਜ਼) ਨੂੰ ਭੇਜੇ ਸਰਕੂਲਰ ਨੇ ਲੋਕ ਸਭਾ ਚੋਣਾਂ ਦੀ ਤਰੀਕ ਬਾਰੇ ਚਰਚਾ ਛੇੜ ਦਿੱਤੀ ਹੈ। ਸਰਕੂਲਰ ਦੀ ਵਾਇਰਲ ਹੋਈ ਕਾਪੀ ਵਿੱਚ ਲੋਕ ਸਭਾ ਚੋਣਾਂ ਸ਼ੁਰੂ ਹੋਣ ਦੀ ਸੰਭਾਵੀ ਤਰੀਕ 16 ਅਪਰੈਲ 2024 ਦਰਸਾਈ ਗਈ ਹੈ। ਹਾਲਾਂਕਿ ਮੁੱਖ ਚੋਣ ਅਧਿਕਾਰੀ ਦਫ਼ਤਰ ਨੇ ਐਕਸ ਉੱਤੇ ਆਪਣੇ ਅਧਿਕਾਰਤ ਹੈਂਡਲ ਰਾਹੀਂ ਸਪਸ਼ਟ ਕੀਤਾ ਕਿ ਇਹ ਤਰੀਕ ਸਿਰਫ਼ 'ਹਵਾਲੇ' ਅਤੇ ਚੋਣ ਪਲਾਨਰ ਵਿਚ ਚੋਣਾਂ ਸ਼ੁਰੂ ਤੇ ਖ਼ਤਮ ਹੋਣ ਦੀ ਤਰੀਕ ਦਾ ਹਿਸਾਬ ਲਾਉਣ ਲਈ ਹੈ। ਸੀਈਓ ਦਫ਼ਤਰ ਵੱਲੋਂ 11 ਜ਼ਿਲ੍ਹਾ ਚੋਣ ਅਧਿਕਾਰੀਆਂ ਨੂੰ ਭੇਜੇ ਪੱਤਰ ਵਿੱਚ ਭਾਰਤੀ ਚੋਣ ਕਮਿਸ਼ਨ (ਈਸੀਆਈ) ਵੱਲੋਂ ਜਾਰੀ ਚੋਣ ਪਲਾਨਰ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਵਿੱਚ ਆਮ ਚੋਣਾਂ ਤੋਂ ਪਹਿਲਾਂ ਕਈ ਸਰਗਰਮੀਆਂ ਦੀ ਤਫ਼ਸੀਲ ਦੇ ਨਾਲ ਹਰੇਕ ਸਰਗਰਮੀ ਸ਼ੁਰੂ ਤੇ ਖ਼ਤਮ ਹੋਣ ਲਈ ਟਾਈਮਲਾਈਨ ਤੇ ਅਰਸੇ ਦਾ ਬਿਊਰਾ ਦਿੱਤਾ ਗਿਆ ਹੈ। ਸਰਕੂਲਰ 'ਚ ਲਿਖਿਆ ਹੈ ਕਿ ਆਗਾਮੀ ਲੋਕ ਸਭਾ ਚੋਣਾਂ ਲਈ ਕਮਿਸ਼ਨ ਨੇ ਹਵਾਲੇ ਤੇ ਚੋਣ ਪਲਾਨਰ ਲਈ ਸ਼ੁਰੂ ਤੇ ਖ਼ਤਮ ਹੋਣ ਦੀ ਤਰੀਕ ਦਾ ਹਿਸਾਬ ਲਾਉਣ ਲਈ 16/4/2024 ਦੀ ਸੰਭਾਵੀ ਤਰੀਕ ਦਿੱਤੀ ਹੈ।



GOLDMINE INSURANCE
A MEMBER OF ALL CANADIAN INSURANCE
Home, Business, Auto
ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

# ਦੁਰਗਿਆਣਾ ਮੰਦਿਰ ਖਿਲਾਫ ਭੜਕਾਊ ਵੀਡੀਓ ਪਾਉਣ ਤੇ ਪੰਨੂ ਖ਼ਿਲਾਫ਼ ਕੇਸ ਦਰਜ

ਅੰਮ੍ਰਿਤਸਰ-ਪੰਜਾਬ ਪੁਲੀਸ ਨੇ ਖਾਲਿਸਤਾਨ ਪੱਖੀ ਆਗੂ ਅਤੇ ਭਾਰਤ ਸਰਕਾਰ ਵਲੋਂ ਅਤਿਵਾਦੀ ਐਲਾਨੇ ਗਏ ਗੁਰਪਤਵੰਤ ਸਿੰਘ ਪੰਨੂ ਵਿਰੁੱਧ ਧਰਮ ਜਾਂ ਨਸਲ ਦੇ ਆਧਾਰ 'ਤੇ ਦੋ ਵੱਖ-ਵੱਖ ਫਿਰਕਿਆਂ ਦਰਮਿਆਨ ਦੁਸ਼ਮਣੀ ਅਤੇ ਨਫ਼ਰਤ ਫੈਲਾਉਣ ਦੇ ਦੋਸ਼ਾਂ ਹੇਠ ਕੇਸ ਦਰਜ ਕੀਤਾ ਹੈ। ਇਹ ਮਾਮਲਾ ਮੰਗਲਵਾਰ ਨੂੰ ਇੱਥੇ ਡੀ ਡਿਵੀਜ਼ਨ ਥਾਣੇ ਵਿੱਚ ਦਰਜ ਕੀਤਾ ਗਿਆ, ਜਿਸ ਲਈ ਉਸ ਦੀ ਸੋਸ਼ਲ ਮੀਡੀਆ 'ਤੇ ਪਾਈ ਵੀਡੀਓ ਨੂੰ ਆਧਾਰ ਬਣਾਇਆ ਗਿਆ ਹੈ। ਵੀਡੀਓ 'ਚ ਪੰਨੂੰ ਨੇ ਦੁਰਗਿਆਣਾ ਮੰਦਰ ਦੇ ਅਧਿਕਾਰੀਆਂ ਨੂੰ ਮੰਦਰ ਨੂੰ ਬੰਦ ਕਰਨ ਅਤੇ ਇਸ ਦੀਆਂ ਚਾਬੀਆਂ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਕਾਂ ਨੂੰ ਸੌਂਪਣ ਲਈ ਕਥਿਤ ਚਿਤਾਵਨੀ ਦਿੱਤੀ ਸੀ। ਉਸ ਨੇ ਇਹ ਵੀਡੀਓ ਦੋ ਦਿਨ ਪਹਿਲਾਂ ਉਸ ਵੇਲੇ ਅਪਲੋਡ ਕੀਤੀ ਸੀ ਜਦੋਂ ਅਯੁੱਧਿਆ ਦੇ ਰਾਮ ਮੰਦਰ 'ਚ ਸਮਾਗਮ ਚੱਲ ਰਿਹਾ ਸੀ।



# ਅਕਾਲੀ ਦਲ ਨੇ ਕੈਬਨਿਟ ਮੰਤਰੀ ਬਲਕਾਰ ਸਿੰਘ ਦੀ ਇਤਰਾਜ਼ਯੋਗ ਵੀਡੀਓ ਰਾਜਪਾਲ ਨੂੰ ਸੌਂਪੀ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਦੇ ਵਫਦ ਨੇ ਸੂਬੇ ਦੇ ਇੱਕ ਮੰਤਰੀ ਦੀ ਇਤਰਾਜ਼ਯੋਗ ਵੀਡੀਓ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪਦਿਆਂ ਅਪੀਲ ਕੀਤੀ ਕਿ ਇਸ ਮਾਮਲੇ ਦੀ ਕਿਸੇ ਕੇਂਦਰੀ ਏਜੰਸੀ ਕੋਲੋਂ ਜਾਂਚ ਕਰਵਾਈ ਜਾਵੇ ਅਤੇ ਬਲਕਾਰ ਸਿੰਘ ਨੂੰ ਮੰਤਰੀ ਮੰਡਲ ਵਿੱਚੋਂ ਬਰਖ਼ਾਸਤ ਕੀਤਾ ਜਾਵੇ। ਵਫ਼ਦ ਨੇ ਰਾਜਪਾਲ ਨੂੰ ਇਹ ਵੀ ਅਪੀਲ ਕੀਤੀ ਕਿ ਬਲਕਾਰ ਸਿੰਘ ਅਤੇ 'ਆਪ' ਦੇ ਹੋਰ ਮੰਤਰੀ ਜੋ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਹਨ, ਉਨ੍ਹਾਂ ਨੂੰ ਗਣਤੰਤਰ ਦਿਵਸ ਮੌਕੇ ਕੌਮੀ ਝੰਡਾ ਲਹਿਰਾਉਣ ਤੋਂ ਰੋਕਿਆ ਜਾਵੇ। ਵਫ਼ਦ ਵਿਚ ਸ਼ਾਮਲ ਬਿਕਰਮ ਸਿੰਘ ਮਜੀਠੀਆ ਤੇ ਡਾ. ਦਲਜੀਤ ਸਿੰਘ ਨੇ ਦੱਸਿਆ ਕਿ ਇਹ ਇਤਰਾਜ਼ਯੋਗ ਵੀਡੀਓ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨਾਲ ਸਬੰਧਤ ਹੈ। ਵਫ਼ਦ ਨੇ ਰਾਜਪਾਲ ਨੂੰ ਦੱਸਿਆ ਕਿ ਪੀੜਤ ਨੂੰ ਡਰਾਇਆ ਧਮਕਾਇਆ ਗਿਆ ਹੈ ਅਤੇ ਦਬਾਅ ਬਣਾਇਆ ਗਿਆ ਹੈ ਕਿ ਉਹ ਮੰਤਰੀ ਖ਼ਿਲਾਫ਼ ਸ਼ਿਕਾਇਤ ਲਈ ਅੱਗੇ ਨਾ ਆਵੇ। ਅਕਾਲੀ ਆਗੂਆਂ ਨੇ ਕਿਹਾ ਕਿ ਪੰਜਾਬ ਪੁਲੀਸ ਨੇ ਹਾਲ ਹੀ ਵਿੱਚ 'ਆਪ' ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਨੂੰ ਕੈਨੇਡਾ ਤੋਂ ਡਿਪੋਰਟ ਹੋਣ ਤੋਂ ਬਚਾਉਣ ਲਈ ਉਸ ਸਬੰਧੀ ਕਲੀਨ ਚਿੱਟ ਦਿੱਤੀ ਹੈ। ਉਨ੍ਹਾਂ ਅਪੀਲ ਕੀਤੀ ਕਿ ਸੰਦੋਆ ਨੂੰ ਪੁਲੀਸ ਕਲੀਅਰੈਂਸ ਸਰਟੀਫਿਕੇਟ ਦੇਣ ਵਾਲੇ ਪੁਲੀਸ ਅਫ਼ਸਰਾਂ ਖ਼ਿਲਾਫ਼ ਵੀ ਕਾਰਵਾਈ ਕੀਤੀ ਜਾਵੇ ਅਤੇ ਸਰਟੀਫਿਕੇਟ ਵਾਪਸ ਲਿਆ ਜਾਵੇ। ਉਨ੍ਹਾਂ ਅਪੀਲ ਕੀਤੀ ਕਿ ਦਾਗੀ ਕਿਰਦਾਰ ਵਾਲੇ ਮੰਤਰੀਆਂ ਲਾਲ ਚੰਦ ਕਟਾਰੂਚੱਕ ਅਤੇ ਅਮਨ ਅਰੋੜਾ ਨੂੰ ਗਣਤੰਤਰ ਦਿਵਸ 'ਤੇ ਤਿਰੰਗਾ ਲਹਿਰਾਉਣ ਤੋਂ ਰੋਕਿਆ ਜਾਵੇ।



ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੈਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਟਰੂਡੋ ਸਰਕਾਰ ਕੈਨੇਡਾ ਵਾਸੀਆਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿਚ ਵੀ ਅਸਫਲ-ਪੌਲੀਵਰ

ਸਰੀ (ਸੰਦੀਪ ਸਿੰਘ ਧੰਜੂ)-'ਫੈਡਰਲ ਸਰਕਾਰ ਕੈਨੇਡਾ ਵਾਸੀਆਂ ਨੂੰ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਦੇਣ ਵਿੱਚ ਅਸਫਲ ਸਿੱਧ ਹੋਈ ਹੈ ਅਤੇ ਪਿਛਲੇ ਅੱਠ ਸਾਲਾਂ ਵਿੱਚ ਸਰਕਾਰ ਦੀਆਂ ਨੀਤੀਆਂ ਨੇ ਆਮ ਜਨਤਾ ਲਈ ਗੁਜਰ-ਬਸਰ ਕਰਨਾ ਦੁੱਭਰ ਕਰ ਦਿੱਤਾ ਹੈ।'




ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕੰਜਰਵੇਟਿਵ ਪਾਰਟੀ ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਦੌੜ ਵਿੱਚ ਨੇਤਾ ਪੀਅਰ ਪੌਲੀਵਰ ਨੇ ਸਰੀ ਵਿੱਚ ਚੋਣਵੇਂ ਪੱਤਰਕਾਰਾਂ ਦੀ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਪੌਲੀਵਰ ਨੇ ਕਿਹਾ ਕਿ ਟਰੂਡੋ ਦੀ ਅਗਵਾਈ ਵਾਲੀ ਇਹ ਸਰਕਾਰ ਹਰ ਮੁਹਾਜ ਉਤੇ ਅਸਫਲ ਹੋਈ ਹੈ ਜਿਸ ਕਾਰਨ ਮਹਿੰਗਾਈ, ਜਨਤਕ ਸੁਰੱਖਿਆ, ਰਿਹਾਇਸ਼ ਅਤੇ ਸਿਹਤ ਸੇਵਾਵਾਂ ਵਰਗੇ ਮੁੱਦੇ ਮੁੱਖ ਮੁੱਦਿਆਂ ਦੇ ਤੌਰ ਉਤੇ ਹਰ ਕਿਸੇ ਲਈ ਚਰਚਾ ਦੇ ਵਿਸ਼ੇ ਬਣੇ ਹੋਏ ਹਨ। ਉਨਾ ਕਿਹਾ ਕਿ ਕੈਨੇਡਾ ਵਾਸੀਆਂ ਦੇ ਜੀਵਨ ਪੱਧਰ ਵਿੱਚ ਏਨਾ ਨਿਘਾਰ ਕੈਨੇਡਾ ਦੇ ਇਤਿਹਾਸ ਵਿੱਚ ਕਦੇ ਵੀ ਨਹੀਂ ਆਇਆ ਅਤੇ ਕੰਜਰਵੇਟਿਵ ਪਾਰਟੀ ਦੀ ਸਰਕਾਰ ਬਣਨ ਤੇ ਇਹਨਾਂ ਮੁੱਦਿਆਂ ਨਾਲ ਤਰਜੀਹ ਪੱਧਰ ਉਪਰ ਨਜਿੱਠਿਆ ਜਾਵੇਗਾ। ਪੱਤਰਕਾਰਾਂ ਵੱਲੋਂ ਪਿਛਲੇ ਸਮੇਂ ਬ੍ਰਿਟਿਸ਼ ਕੋਲੰਬੀਆ ਵਿੱਚ ਫਿਰੌਤੀ ਅਤੇ ਗੋਲੀਬਾਰੀ ਵਰਗੀਆਂ ਘਟਨਾਵਾਂ ਉਤੇ ਚਿੰਤਾ ਪ੍ਰਗਟਾਉਂਦਿਆਂ ਪੌਲੀਵਰ ਨੂੰ ਇਸ ਬਾਰੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਕਿਹਾ ਗਿਆ ਜਿਸ ਦੇ ਜਵਾਬ ਵਿੱਚ ਉਨਾਂ ਕਿਹਾ ਕਿ ਅਜਿਹਾ ਸਰਕਾਰ ਵੱਲੋਂ ਸੁਰੱਖਿਆ ਸਬੰਧਤ ਕਾਨੂੰਨਾਂ ਨੂੰ ਲਾਗੂ ਕਰਨ ਵਿੱਚ ਢਿੱਲ ਦਾ ਨਤੀਜਾ ਹੈ। ਇਸਦੇ ਨਾਲ ਹੀ ਪਿਛਲੇ ਸਮੇਂ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਘਟਨਾ ਨੂੰ ਜੋੜਦਿਆਂ ਉਨਾਂ ਦੱਸਿਆ ਕਿ ਜੇਕਰ ਸਰਕਾਰ ਸੁਰੱਖਿਆ ਵਿਵਸਥਾ ਨੂੰ ਕਾਇਮ ਰੱਖਣ ਵਿੱਚ ਸੁਹਿਰਦ ਹੈ ਤਾਂ ਇਸ ਕੇਸ ਨਾਲ ਸੰਬੰਧਿਤ ਜਾਂਚ ਨੂੰ ਕਿਸੇ ਨਤੀਜੇ ਉਤੇ ਪੁੱਜਣ ਲਈ ਦੇਰ ਕਿਉਂ ਲੱਗ ਰਹੀ ਹੈ। ਜੇਕਰ ਟਰੂਡੋ ਸਰਕਾਰ ਇਸ ਘਟਨਾਂ ਲਈ ਭਾਰਤੀ ਏਜੰਸੀਆਂ ਨੂੰ ਜਿੰਮੇਵਾਰ ਦੱਸਦੀ ਹੈ ਤਾਂ ਫਿਰ ਵਿਦੇਸ਼ੀ ਦਖਲ ਅੰਦਾਜ਼ੀ ਉਤੇ ਰੋਕ ਲਗਾਉਣਾ ਵੀ ਸਰਕਾਰ ਦੀ ਹੀ ਜਿੰਮੇਵਾਰੀ ਹੈ। ਅਖੀਰ ਵਿੱਚ ਪੀਅਰ ਪੌਲੀਵਰ ਨੇ ਥੋੜੇ ਸਮੇਂ ਦੇ ਨੋਟਿਸ ਉਤੇ ਕਾਨਫਰੰਸ ਵਿੱਚ ਪਹੁੰਚੇ ਪੱਤਰਕਾਰਾਂ ਅਤੇ ਮੀਡੀਆ ਅਦਾਰਿਆਂ ਦਾ ਧੰਨਵਾਦ ਕੀਤਾ।



## ਚਿਲੀਵੈਕ ਅਤੇ ਹੋਪ ਵਿਚ ਓਵਰਡੋਜ਼ ਨਾਲ ਮੌਤਾਂ ਦੀ ਦਰ ਬੀਸੀ ਦੀ 2023 ਦੀ ਔਸਤ ਨਾਲੋਂ ਜ਼ਿਆਦਾ ਰਹੀ

ਵੈਨਕੂਵਰ-ਬੀਸੀ ਵਿਚ ਓਵਰਡੋਜ਼ ਨਾਲ ਹੋਣ ਵਾਲੀਆਂ ਔਸਤ ਮੌਤਾਂ ਨਾਲੋਂ ਚਿਲੀਵੈਕ ਅਤੇ ਹੋਪ ਵਿਚ ਮੌਤਾਂ ਦੀ ਦਰ ਆਬਾਦੀ ਦੇ ਲਿਹਾਜ ਨਾਲ ਜ਼ਿਆਦਾ ਰਹੀ ਹੈ। ਓਵਰਡੋਜ਼ ਨਾਲ ਚਿਲੀਵੈਕ ਵਿਚ 60, ਐਬਟਸਫੋਰਡ 90, ਮਿਸ਼ਨ 31, ਅਗਾਸਿਜ਼-ਹੈਰੀਸਨ 6 ਅਤੇ ਹੋਪ ਵਿਚ 11 ਮੌਤਾਂ ਹੋਈਆਂ ਹਨ। ਸੂਬੇ ਦੀ ਮਾਨਸਿਕ ਸਿਹਤ ਅਤੇ ਨਸ਼ਾਖੋਰੀ ਬਾਰੇ ਮੰਤਰੀ ਜੈਨੀਫਰ ਵਾਈਟਸਾਈਡ ਨੇ ਇਕ ਭਰੇ ਦਿਲ ਨਾਲ ਸੁਨੇਹੇ ਵਿਚ ਕਿਹਾ ਕਿ 2511 ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੇ 2023 ਵਿਚ ਜ਼ਹਿਰੀਲੀ ਡਰੱਗ ਸਪਲਾਈ ਵਿਚ ਆਪਣੀ ਜਾਨਾਂ ਗੁਆਈਆਂ ਹਨ। ਸੂਬੇ ਵਿਚ ਓਵਰਡੋਜ਼ ਨਾਲ ਮੌਤਾਂ ਦੀ ਦਰ 2023 ਵਿਚ ਇਕ ਲੱਖ ਵਾਸੀਆਂ ਦੀ ਆਬਾਦੀ ਪਿੱਛੇ 45.7 ਮੌਤਾਂ ਰਹੀ ਹੈ। ਚਿਲੀਵੈਕ ਵਿਚ 54.6 ਮੌਤਾਂ ਨਾਲ ਦਰ ਉੱਚੀ ਰਹੀ ਪਰ ਹੋਪ ਵਿਚ ਇਕ ਲੱਖ ਵਿਅਕਤੀਆਂ ਪਿੱਛੇ 123.7 ਮੌਤਾਂ ਨਾਲ ਖੇਤਰ ਵਿਚ ਮੌਤਾਂ ਦੀ ਦਰ ਸਭ ਤੋਂ ਉੱਚੀ ਰਹੀ ਹੈ।

## ਉੱਘੇ ਰੇਡੀਓ ਹੋਸਟ ਡਾ ਜਸਬੀਰ ਸਿੰਘ ਰੋਮਾਣਾ ਨੂੰ ਸਦਮਾ-ਮਾਤਾ ਦਾ ਦੇਹਾਂਤ



ਸਰੀ-ਰੇਡੀਓ ਸ਼ੇਰੇ ਪੰਜਾਬ ਵੈਨਕੂਵਰ ਦੇ ਸੀਨੀਅਰ ਹੋਸਟ ਡਾ ਜਸਬੀਰ ਸਿੰਘ ਰੋਮਾਣਾ ਨੂੰ ਉਦੋਂ ਗਹਿਰਾ ਸਦਮਾ ਪੁੱਜਾ ਜਦੋਂ ਉਹਨਾਂ ਦੇ ਸਤਿਕਾਰਯੋਗ ਮਾਤਾ ਸ੍ਰੀਮਤੀ ਬਲਬੀਰ ਕੌਰ ਰੋਮਾਣਾ (ਸੁਪਤਨੀ ਸ ਮਹਿੰਦਰ ਸਿੰਘ ਰੋਮਾਣਾ) ਪੰਜਾਬ ਵਿਚ 15 ਜਨਵਰੀ ਨੂੰ ਅਚਾਨਕ ਸਵਰਗ ਸਿਧਾਰ ਗਏ। ਮਾਤਾ ਜੀ ਦੀ ਆਤਮਿਕ ਸ਼ਾਂਤੀ ਲਈ ਸਹਿਜਪਾਠ ਦੇ ਭੋਗ ਮਿਤੀ 25 ਜਨਵਰੀ 2024 ਨੂੰ ਬਾਦ ਦੁਪਹਿਰ 1 ਵਜੇ ਗੁਰਦੁਆਰਾ ਸਾਹਿਬ ਹਰਿੰਦਰਾ ਨਗਰ ਫਰੀਦਕੋਟ ਵਿਖੇ ਪਾਏ ਜਾਣਗੇ। ਉਪਰੰਤ ਸ਼ਰਧਾਂਜਲੀ ਸਮਾਗਮ ਹੋਣਗੇ।






# ਦੱਖਣੀ ਏਸ਼ੀਅਨ ਹੋਮ ਬਿਲਡਰਾਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਉਣ ਪਿੱਛੇ ਭਾਰਤ ਵਿਚਲੇ ਅਪਰਾਧੀ ਨੈੱਟਵਰਕ ਦਾ ਹੱਥ-ਐਡਮਿੰਟਨ ਪੁਲਿਸ

ਓਟਵਾ-ਐਡਮਿੰਟਨ ਪੁਲਿਸ ਨੇ ਦੱਸਿਆ ਕਿ ਉਨ੍ਹਾਂ ਦਾ ਮੰਨਣਾ ਕਿ ਅਲਬਰਟਾ ਦੀ ਰਾਜਧਾਨੀ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਉਣ ਪਿੱਛੇ ਭਾਰਤ ਵਿਚਲੇ ਅਪਰਾਧਿਕ ਨੈੱਟਵਰਕ ਦਾ ਹੱਥ ਹੈ। ਇਹ ਮਾਮਲੇ ਬੀਸੀ ਦੇ ਲੋਅਰ ਮੇਨਲੈਂਡ ਅਤੇ ਓਨਟਾਰੀਓ ਦੇ ਪੀਲ ਰੀਜ਼ਨ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਫਿਰੌਤੀ ਲਈ ਨਿਸ਼ਾਨਾ ਬਣਾਉਣ ਵਰਗੇ ਹੀ ਹਨ ਪਰ ਇਸ ਦੇ ਨਾਲ ਹੀ ਐਡਮਿੰਟਨ ਪੁਲਿਸ ਨੇ ਇਹ ਗੱਲ ਵੀ ਆਖੀ ਕਿ ਉਨ੍ਹਾਂ ਨੇ ਆਪਣੀ ਜਾਂਚ ਵਿਚ ਇਨ੍ਹਾਂ ਮਾਮਲਿਆਂ ਤੇ ਕੈਨੇਡਾ ਵਿਚ ਹੋਰ ਥਾਈਂ ਵਾਪਰੇ ਮਾਮਲਿਆਂ ਵਿਚ ਸਬੰਧ ਨਿਰਧਾਰਤ ਨਹੀਂ ਕੀਤਾ। ਤਾਜ਼ਾ ਜਾਣਕਾਰੀ ਵਿਚ ਸ਼ਹਿਰ ਦੀ ਪੁਲਿਸ ਨੇ ਦੱਸਿਆ ਕਿ ਉਹ ਪੰਜ ਫਿਰੌਤੀ, 15 ਅਗਜ਼ਨੀ ਅਤੇ 7 ਅਗਨੀ ਸ਼ਾਸਤਰਾਂ ਦੇ ਮਾਮਲਿਆਂ ਸਮੇਤ ਕੁਲ 27 ਘਟਨਾਵਾਂ ਦੀ ਜਾਂਚ ਕਰ ਰਹੀ ਹੈ। ਮੰਨਿਆਂ ਜਾ ਰਿਹਾ ਹੈ ਕਿ ਇਹ ਮਾਮਲੇ ਭਾਰਤ ਵਿਚ ਬਣੇ ਅਪਰਾਧਿਕ ਨੈੱਟਵਰਕ ਨਾਲ ਜੁੜੇ ਹੋਏ ਹਨ ਅਤੇ ਇਨ੍ਹਾਂ ਨੂੰ ਸਥਾਨਕ ਸਾਥੀਆਂ ਵਲੋਂ ਅੰਜ਼ਾਮ ਦਿੱਤਾ ਗਿਆ ਹੈ। ਅੱਗ ਅਤੇ ਗੋਲੀਬਾਰੀ ਨਾਲ ਜਾਇਦਾਦ ਦਾ ਲਗਪਗ 90 ਲੱਖ ਡਾਲਰ ਦਾ ਨੁਕਸਾਨ ਹੋਇਆ ਹੈ। ਸਟਾਫ ਸਾਰਜੈਂਟ ਡੇਵਿਡ ਪੈਟਨ ਨੇ ਦੱਸਿਆ ਕਿ ਐਡਮਿੰਟਨ ਵਿਚ ਮੁੱਖ ਨਿਸ਼ਾਨਾ ਦੱਖਣੀ ਏਸ਼ੀਅਨ ਮੂਲ ਦੇ ਘਰ ਨਿਰਮਾਤਾ ਹਨ। ਭਾਰਤੀ ਮੂਲ ਦੇ ਲੋਕਾਂ ਨੂੰ ਮੁੱਖ ਰੂਪ ਵਿਚ ਨਿਸ਼ਾਨਾ




ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਦਾ ਮੰਨਣਾ ਕਿ ਅਪਰਾਧੀ ਹੋਮ ਬਿਲਡਰਾਂ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ ਕਿਉਂਕਿ ਉਹ ਸਮਝਦੇ ਹਨ ਕਿ ਹੋਮ ਬਿਲਡਰ ਅਮੀਰ ਹਨ ਤੇ ਪੈਸੇ ਦੇਣ ਦੇ ਸਮਰੱਥ ਹਨ। ਇਸ ਮਹੀਨੇ ਦੇ ਸ਼ੁਰੂ ਵਿਚ ਫਿਰੌਤੀਆਂ ਦੇ ਸਬੰਧ ਵਿਚ 6 ਵਿਅਕਤੀਆਂ 'ਤੇ ਦੋਸ਼ ਲਗਾਏ ਗਏ ਸਨ। ਸਾਰਜੈਂਟ ਪੈਟਨ ਨੇ ਦੱਸਿਆ ਕਿ ਇਨ੍ਹਾਂ ਸ਼ੱਕੀਆਂ ਵਿਚੋਂ ਇਕ ਨੇ ਸੰਭਾਵਤ ਤੌਰ 'ਤੇ ਕੈਨੇਡਾ ਛੱਡ ਦਿੱਤਾ ਹੈ ਪਰ ਉਨ੍ਹਾਂ ਉਸ ਵਿਅਕਤੀ ਦੀ ਪਛਾਣ ਦੱਸਣ ਤੋਂ ਇਨਕਾਰ ਕਰ ਦਿੱਤਾ। ਡਿਪਟੀ ਚੀਫ ਡੇਵਿਨ ਲੈਫੋਰਸ ਨੇ ਕਿਹਾ ਕਿ ਐਡਮਿੰਟਨ ਪੁਲਿਸ ਨੇ ਅਜੇ ਇਹ ਨਿਰਧਾਰਤ ਨਹੀਂ ਕੀਤਾ ਕਿ ਅਲਬਰਟਾ ਦੇ ਰਾਜਧਾਨੀ ਖੇਤਰ ਅਤੇ ਕੈਨੇਡਾ ਵਿਚ ਹੋਰ ਥਾਈਂ ਵਾਪਰੀਆਂ ਘਟਨਾਵਾਂ ਵਿਚਕਾਰ ਕੋਈ ਸਬੰਧ ਹੈ ਜਾਂ ਨਹੀਂ। ਚਾਹੇ ਇਹ ਉਸੇ ਤਰ੍ਹਾਂ ਦੀਆਂ ਲਗਦੀਆਂ ਹਨ ਪਰ ਇਨ੍ਹਾਂ ਅਪਰਾਧਾਂ ਨੂੰ ਜੋੜਨ ਲਈ ਸਾਡੇ ਕੋਲ ਸਿੱਧੀ ਜਾਣਕਾਰੀ ਜਾਂ ਖ਼ੁਫ਼ੀਆ ਜਾਣਕਾਰੀ ਨਹੀਂ। ਇਹ ਮਾਮਲੇ ਪਿਛਲੇ ਪੱਤਝੜ ਵਿਚ ਸ਼ੁਰੂ ਹੋਏ ਸਨ। ਫਿਰੌਤੀਆਂ ਤੋਂ ਪ੍ਰਭਾਵਤ ਦੋ ਸ਼ਹਿਰਾਂ ਦੇ ਮੇਅਰਾਂ ਨੇ ਫਿਰੌਤੀਆਂ ਦੀਆਂ ਘਟਨਾਵਾਂ ਦਾ ਟਾਕਰਾ ਕਰਨ ਲਈ ਫੈਡਰਲ ਸਰਕਾਰ ਤੋਂ ਮਦਦ ਮੰਗੀ ਹੈ। ਬਰੈਂਪਟਨ ਦੇ ਮੇਅਰ ਪੈਟਰਿਕ ਬਰਾਉਣ ਅਤੇ ਸਰੀ ਦੀ ਮੇਅਰ ਬਰੈਂਡਾ ਲੋਕ ਚਾਹੁੰਦੇ ਹਨ ਕਿ ਓਟਾਵਾ ਦਖਲ ਦੇਵੇ ਅਤੇ ਮਦਦ ਦੀ ਪੇਸਕਸ਼ ਕਰੇ।

## ਪੋਸਟ ਗਰੈਜੂਏਸ਼ਨ ਵਰਕ ਪਰਮਿਟਾਂ ਲਈ ਯੋਗਤਾ ਮਾਪਦੰਡ ਵਿਚ ਤਬਦੀਲੀ

ਓਟਵਾ-ਆਈਆਰਸੀਸੀ ਨੇ ਪੋਸਟ ਗਰੈਜੂਏਸ਼ਨ ਵਰਕ ਪਰਮਿਟ (ਪੀਜੀਡਬਲਯੂਪੀ) ਦੇ ਯੋਗਤਾ ਮਾਪਦੰਡ ਵਿਚ ਤਬਦੀਲੀ ਦਾ ਐਲਾਨ ਕੀਤਾ ਹੈ। ਸਤੰਬਰ 2024 ਤੋਂ ਸਟੱਡੀ ਪ੍ਰੋਗਰਾਮ ਜਿਹੜਾ ਪਾਠਕ੍ਰਮ ਲਾਇਸੰਸਿੰਗ ਵਿਵਸਥਾ ਦਾ ਹਿਸਾ ਹੈ ਨੂੰ ਸ਼ੁਰੂ ਕਰਨ ਵਾਲੇ ਅੰਤਰਰਾਸ਼ਟਰੀ ਵਿਦਿਆਰਥੀ ਪੀਜੀਡਬਲਯੂਜੀ ਲਈ ਯੋਗ ਨਹੀਂ ਹੋਣਗੇ। ਆਈਆਰਸੀਸੀ ਨੇ ਸਪਸ਼ਟ ਕੀਤਾ ਕਿ ਪਾਠਕ੍ਰਮ ਲਾਇਸੰਸਿੰਗ ਸਮਝੌਤਿਆਂ ਤਹਿਤ ਵਿਦਿਆਰਥੀ ਇਕ ਨਿੱਜੀ ਕਾਲਜ ਵਿਚ ਪੜ੍ਹਦੇ ਹਨ ਜਿਸ ਕੋਲ ਕਿਸੇ ਐਸੋਸੀਏਟਿਡ ਪਬਲਿਕ ਕਾਲਜ ਦਾ ਪਾਠਕ੍ਰਮ ਪੜ੍ਹਾਉਣ ਦਾ ਲਾਇਸੰਸ ਹੁੰਦਾ ਹੈ। ਭਾਵੇਂ ਇਨ੍ਹਾਂ ਪ੍ਰੋਗਰਾਮਾਂ ਨੇ ਪਿਛਲੇ ਸਾਲਾਂ ਵਿਚ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਆਕਰਸ਼ਤ ਕੀਤਾ ਪਰ ਉਨ੍ਹਾਂ ਕੋਲ ਸਰਕਾਰੀ ਕਾਲਜਾਂ ਤੋਂ ਨਿਗਰਾਨੀ ਘੱਟ ਹੈ, ਜਿਸ ਕਾਰਨ ਉਹ ਪੀਜੀਬਡਲਯੂਪੀ ਲਈ ਮਾਪਦੰਡ ਤੋਂ ਪਿੱਛੇ ਹਨ। ਆਈਆਰਸੀਸੀ ਨੇ ਇਹ ਵੀ ਐਲਾਨ ਕੀਤਾ ਕਿ ਅੰਤਰਰਾਸ਼ਟਰੀ ਵਿਦਿਆਰਥੀ ਜਿਨ੍ਹਾਂ ਨੇ ਮਾਸਟਰ ਪ੍ਰੋਗਰਾਮਾਂ ਜਾਂ ਛੋਟੇ ਗਰੈਜੂਏਟ ਪੱਧਰ ਦੇ ਪ੍ਰੋਗਰਾਮਾਂ ਤੋਂ ਗਰੈਜੂਏਟ ਕੀਤਾ ਹੈ ਉਹ 3 ਸਾਲ ਦੇ ਵਰਕ ਪਰਮਿਟ ਲਈ ਯੋਗ ਹੋਣਗੇ। ਮੌਜੂਦਾ ਮਾਪਦੰਡ ਤਹਿਤ ਪੀਜੀਡਬਲਯੂਪੀ ਦੀ ਲੰਬਾਈ ਵਿਅਕਤੀ ਦੇ ਸਟੱਡੀ ਪ੍ਰੋਗਰਾਮ ਦੀ ਲੰਬਾਈ 'ਤੇ ਆਧਾਰਤ ਹੁੰਦੀ ਹੈ। ਆਉਣ ਵਾਲ ਹਫ਼ਤਿਆਂ ਵਿਚ ਵਿਭਾਗ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀਆਂ ਲਈ ਓਪਨ ਵਰਕ ਪਰਮਿਟ ਸਬੰਧੀ ਹੋਰ ਵੇਰਵੇ ਰਿਲੀਜ਼ ਕਰੇਗਾ। ਆਈਆਰਸੀਸੀ ਦਾ ਕਹਿਣਾ ਕਿ ਓਪਨ ਵਰਕ ਪਰਮਿਟ ਕੇਵਲ ਮਾਸਟਰ ਜਾਂ ਡਾਕਟਰਲ ਪ੍ਰੋਗਰਾਮਾਂ ਵਿਚ ਦਾਖਲ ਅੰਤਰਰਰਾਸ਼ਟਰੀ ਵਿਦਿਆਰਥੀਆਂ ਦੇ ਜੀਵਨ ਸਾਥੀਆਂ ਲਈ ਹੀ ਉਪਲਬਧ ਹੋਣਗੇ।

## ਆਸਾਮ 'ਚ ਯਾਤਰਾ ਦੌਰਾਨ ਰਾਹੁਲ ਖ਼ਿਲਾਫ਼ ਕੇਸ ਦਰਜ

ਗੁਹਾਟੀ-'ਭਾਰਤ ਜੋੜੋ ਨਿਆਏ ਯਾਤਰਾ' ਦੇ ਗੁਹਾਟੀ ਵਿੱਚ ਦਾਖਲ ਹੋਣ ਮੌਕੇ ਅਸਾਮ ਪੁਲੀਸ ਤੇ ਕਾਂਗਰਸੀ ਹਮਾਇਤੀਆਂ ਵਿਚਾਲੇ ਹੋਈ ਝੜਪ ਮਗਰੋਂ ਅਸਾਮ ਪੁਲੀਸ ਨੇ ਸਾਬਕਾ ਕਾਂਗਰਸ ਪ੍ਰਧਾਨ ਤੇ ਵਾਇਨਾਡ ਤੋਂ ਸੰਸਦ ਮੈਂਬਰ ਰਾਹੁਲ ਗਾਂਧੀ ਤੇ ਹੋਰਨਾਂ ਪਾਰਟੀ ਆਗੂਆਂ ਖਿਲਾਫ਼ ਹਿੰਸਾ, ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਤੇ ਪੁਲੀਸ ਅਮਲੇ 'ਤੇ ਹਮਲੇ ਦੇ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਹੈ। ਅਸਾਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੇ ਐਕਸ 'ਤੇ ਇਕ ਪੋਸਟ ਵਿੱਚ ਕਿਹਾ, "ਹਿੰਸਾ, ਭੜਕਾਹਟ ਪੈਦਾ ਕਰਨ, ਸਰਕਾਰੀ ਸੰਪਤੀ ਨੂੰ ਨੁਕਸਾਨ ਤੇ ਪੁਲੀਸ ਅਮਲੇ 'ਤੇ ਹਮਲੇ ਦੇ ਦੋਸ਼ ਤਹਿਤ ਰਾਹੁਲ ਗਾਂਧੀ, ਕੇ.ਸੀ.ਵੇਣੂਗੋਪਾਲ, ਕਨ੍ਹੱਈਆ ਕੁਮਾਰ ਤੇ ਹੋਰਨਾਂ ਖਿਲਾਫ਼ ਆਈਪੀਸੀ ਦੀਆਂ ਵੱਖ ਵੱਖ ਧਾਰਾਵਾਂ ਤੇ ਪੀਡੀਪੀਪੀ ਐਕਟ ਦੀ ਧਾਰਾ 3 ਤਹਿਤ ਕੇਸ ਦਰਜ ਕੀਤਾ ਗਿਆ ਹੈ।" ਮੁੱਖ ਮੰਤਰੀ ਸਰਮਾ ਨੇ ਅੱਜ ਦਿਨੇਂ ਡੀਜੀਪੀ ਨੂੰ ਰਾਹੁਲ ਗਾਂਧੀ ਖਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਸਨ। ਸਰਮਾ ਨੇ ਦਾਅਵਾ ਕੀਤਾ ਕਿ ਗਾਂਧੀ ਨੇ ਹਜੂਮ ਨੂੰ ਪੁਲੀਸ ਵੱਲੋਂ ਲਾਈਆਂ ਰੋਕਾਂ ਤੋੜਨ ਲਈ ਭੜਕਾਇਆ। ਉਨ੍ਹਾਂ ਕਾਂਗਰਸੀ ਵਰਕਰਾਂ ਦੀ ਕਾਰਵਾਈ ਨੂੰ 'ਨਕਸਲੀ ਚਾਲਾਂ' ਕਰਾਰ ਦਿੱਤਾ ਸੀ।

## ਫੈਡਰਲ ਚੋਣਾਂ ਵਿਚ ਵਿਦੇਸ਼ੀ ਦਖਲਅੰਦਾਜ਼ੀ ਜਾਂਚ ਵਿਚ ਭਾਰਤ ਨੂੰ ਵੀ ਲਪੇਟਿਆ ਜਾਵੇ

ਓਟਵਾ-ਵਿਦੇਸ਼ੀ ਦਖਲਅੰਦਾਜ਼ੀ ਜਾਂਚ ਦੇ ਕਮਿਸ਼ਨਰ ਨੇ ਪਿਛਲੀਆਂ ਦੋ ਫੈਡਰਲ ਚੋਣਾਂ ਵਿਚ ਭਾਰਤ ਸਰਕਾਰ ਦੀ ਸੰਭਾਵਤ ਦਖਲਅੰਦਾਜੀ ਨਾਲ ਸਬੰਧਤ ਦਸਤਾਵੇਜ਼ ਮੰਗੇ ਹਨ। ਕਿਊਬਕ ਦੀ ਜਸਟਿਸ ਮੈਰੀ ਜੋਸੀ ਹੋਗ ਜਿਹੜੀ ਜਾਂਚ ਦੀ ਮੁਖੀ ਹੈ ਨੇ ਐਲਾਨ ਕੀਤਾ ਕਿ ਉਸ ਨੇ 2019 ਅਤੇ 2021 ਦੀਆਂ ਚੋਣਾਂ ਦੌਰਾਨ ਭਾਰਤ ਦੀ ਕਥਿਤ ਦਖਲਅੰਦਾਜ਼ੀ ਬਾਰੇ ਫੈਡਰਲ ਸਰਕਾਰ ਨੂੰ ਜਾਣਕਾਰੀ ਅਤੇ ਦਸਤਾਵੇਜ਼ ਦੇਣ ਲਈ ਬੇਨਤੀ ਕੀਤੀ ਹੈ। ਇਹ ਕਦਮ ਜਨਤਕ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਚੁੱਕਿਆ ਗਿਆ ਹੈ। ਐਨਡੀਪੀ ਨੇਤਾ ਜਗਮੀਤ ਸਿੰਘ ਨੇ ਇਸ ਸੰਭਾਵਨਾ ਦਾ ਪਤਾ ਲਗਾਉਣ 'ਤੇ ਜ਼ੋਰ ਦਿੱਤਾ ਸੀ ਕਿ ਕੀ ਭਾਰਤ ਵਲੋਂ ਵੀ ਵੱਡੀ ਗਿਣਤੀ ਵਿਚ ਵਸਦੇ ਭਾਰਤੀਆਂ ਰਾਹੀਂ ਕੁਝ ਹਲਕਿਆਂ ਵਿਚ ਚੋਣ ਨਤੀਜਿਆਂ ਨੂੰ ਪ੍ਰਭਾਵਤ ਕਰਨ ਲਈ ਬੀਜਿੰਗ ਵਾਂਗ ਕੰਮ ਕੀਤਾ ਹੈ। ਕੈਨੇਡੀਅਨ ਸਕਿਊਰਟੀ ਇੰਟੈਲੀਜੈਂਸ ਸਰਵਿਸ ਵਿਖੇ ਸਾਬਕਾ ਸੀਨੀਅਰ ਇੰਟੈਲੀਜੈਂਸ ਅਫਸਰ ਨੀਲ ਬਿਸਨ ਨੇ ਕਿਹਾ ਕਿ ਜਾਂਚ ਵਿਚ ਭਾਰਤ ਸਮੇਤ ਦੂਸਰੇ ਦੇਸ਼ਾਂ 'ਤੇ ਨਜ਼ਰ ਮਾਰਨੀ ਸਮਝਦਾਰੀ ਵਾਲੀ ਗੱਲ ਹੈ ਜਿਹੜੇ ਕੈਨੇਡਾ ਵਿਚ ਰਹਿੰਦੇ ਭਾਰਤੀਆਂ ਨੂੰ ਪ੍ਰਭਾਵਤ ਕਰਨ ਲਈ ਪਰਦੇ ਪਿੱਛੇ ਕੰਮ ਕਰਦੇ ਹਨ। ਗਲੋਬਲ ਇੰਟੈਲੀਜੈਂਸ ਨੌਲੇਜ ਨੈੱਟਵਰਕ ਦੇ ਡਾਇਰੈਕਟਰ ਬਿਸਨ ਦਾ ਕਹਿਣਾ ਕਿ ਇਹ ਕੇਵਲ ਚੀਨ ਅਤੇ ਰੂਸ ਦੀ ਗੱਲ ਨਹੀਂ ਅਤੇ ਅਸੀਂ ਭਾਰਤ ਬਾਰੇ ਗੱਲ ਕਰ ਰਹੇ ਹਾਂ। ਜੇਕਰ ਤੁਸੀਂ ਇਸ ਗੱਲ 'ਤੇ ਨਜ਼ਰ ਮਾਰਦੇ ਹੋ ਕਿ ਭਾਰਤ ਸਰਕਾਰ ਕੈਨੇਡਾ ਨੂੰ ਅਜਿਹਾ ਖੇਤਰ ਬਣਨਾ ਦੇਖਣਾ ਨਹੀਂ ਚਾਹੁੰਦੀ ਜਿਥੇ ਸਿੱਖ ਵੱਖਵਾਦੀ ਇਕਜੁੱਟ ਹੋ ਸਕਣ, ਫੰਡ ਇਕੱਤਰ ਕਰਨ ਅਤੇ ਰੈਲੀਆਂ ਕਰ ਸਕਣ। ਤਦ ਇਹ ਸਮਝਿਆ ਜਾ ਸਕਦਾ ਹੈ ਕਿ ਉਹ ਉਨ੍ਹਾਂ ਲੋਕਾਂ 'ਤੇ ਪ੍ਰਭਾਵ ਪਾਉਣ ਦੀ ਕੋਸ਼ਿਸ਼ ਕਰਨਗੇ ਜਿਹੜੇ ਚੋਣਾਂ ਵਿਚ ਹਿਸਾ ਲੈ ਰਹੇ ਹਨ ਅਤੇ ਜਿਹੜੇ ਵਿਅਕਤੀ ਉਨ੍ਹਾਂ ਸੀਟਾਂ ਲਈ ਚੁਣੇ ਜਾ ਰਹੇ ਹਨ।



## ਐਡਮਿੰਟਨ ਸਿਟੀ ਹਾਲ ਵਿਖੇ ਗੋਲੀ ਚਲਾਉਣ ਵਾਲਾ ਵਿਅਕਤੀ ਗ੍ਰਿਫ਼ਤਾਰ

ਐਡਮਿੰਟਨ-ਇਕ ਹਥਿਆਰਬੰਦ ਵਿਅਕਤੀ ਨੇ ਐਡਮਿੰਟਨ ਦੇ ਸਿਟੀ ਹਾਲ ਵਿਖੇ ਕਈ ਗੋਲੀਆਂ ਚਲਾਈਆਂ ਅਤੇ ਦੇਖਣ ਨੂੰ ਮੋਲੋਟੋਵ ਕਾਕਟੇਲ ਪ੍ਰਤੀਤ ਹੁੰਦੇ ਪਦਾਰਥ ਨਾਲ ਅੱਗ ਲਗਾ ਦਿੱਤੀ। ਉਸ ਨੂੰ ਨਿਹੱਥੇ ਸੁਰੱਖਿਆ ਗਾਰਡ ਨੇ ਬਾਅਦ ਵਿਚ ਕਾਬੂ ਕਰ ਲਿਆ। ਉਸ ਦੇ ਹਮਲੇ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਪਰ ਇਕ ਕੈਨੇਡੀਅਨ ਸ਼ਹਿਰ ਵਿਚ ਸਿਵਕ ਲਾਈਫ ਦੇ ਸੈਂਟਰ ਵਿਖੇ ਗੋਲੀਬਾਰੀ ਇਕ ਦੁਰਲੱਭ ਹਮਲਾ ਸੀ। ਐਡਮਿੰਟਨ ਦੇ ਮੇਅਰ ਅਮਰਜੀਤ ਸੋਹੀ ਅਤੇ ਸਿਟੀ ਕੌਂਸਲਰ ਨੇੜੇ ਹੀ ਮੌਜੂਦ ਸਨ ਅਤੇ ਉਸ ਸਮੇਂ ਗਰੇਡ ਵਨ ਦੇ ਵਿਦਿਆਰਥੀ ਇਮਾਰਤ ਦਾ ਦੌਰਾ ਕਰ ਰਹੇ ਸਨ। ਬਾਅਦ ਦੁਪਹਿਰ ਸ਼ਹਿਰ ਦੇ ਪੁਲਿਸ ਮੁਖੀ ਡੇਲ ਮੈਕਫੀ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਅਸੀਂ ਅੱਜ ਬਹੁਤ ਖੁਸ਼ਕਿਸਮਤ ਰਹੇ, ਕੋਈ ਵੀ ਵਿਅਕਤੀ ਜ਼ਖ਼ਮੀ ਨਹੀਂ ਹੋਇਆ ਅਤੇ ਕੋਈ ਵੀ ਜਾਨ ਨਹੀਂ ਗਈ। ਲਗਦਾ ਹੈ ਕਿ ਸ਼ੱਕੀ ਨੇ ਇਕੱਲੇ ਨੇ ਕਾਰਵਾਈ ਕੀਤੀ ਹੈ ਅਤੇ ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਜਨਤਕ ਸੁਰੱਖਿਆ ਲਈ ਕੋਈ ਹੋਰ ਚਿੰਤਾ ਵਾਲੀ ਗੱਲ ਨਹੀਂ। ਇਕ ਵੀਡੀਓ ਬਿਆਨ ਵਿਚ ਸੋਹੀ ਨੇ ਸਥਿਤੀ ਨੂੰ ਗੰਭੀਰ ਘਟਨਾ ਆਖਿਆ ਹੈ। ਉਨਾਂ ਸਮੇਂ ਸਿਰ ਕਾਰਵਾਈ ਕਰਨ ਲਈ ਸਕਿਉਰਟੀ, ਪੁਲਿਸ ਅਤੇ ਐਮਰਜੈਂਸੀ ਸੇਵਾਵਾਂ ਦਾ ਧੰਨਵਾਦ ਕੀਤਾ ਹੈ। ਸ਼ੱਕੀ ਬਾਰੇ ਕੋਈ ਵੇਰਵੇ ਜਾਰੀ ਨਹੀਂ ਕੀਤੇ ਗਏ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic·cric
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਲੀਡਰਸ਼ਿਪ ਸਮੀਖਿਆ ਦੇ ਸਵਾਲਾਂ ਨੂੰ ਟਾਲਿਆ ਜਸਟਿਨ ਟਰੂਡੋ ਨੇ

ਓਟਵਾ-ਚੋਣ ਅੰਕੜਿਆਂ ਵਿਚ ਸਮਰਥਕਾਂ ਦੀ ਗਿਣਤੀ ਘਟਣ ਅਤੇ ਸਰਕਾਰ ਨਾਲ ਵਿਆਪਕ ਅਸੰਤੁਸ਼ਟੀ ਦਰਮਿਆਨ ਲਿਬਰਲ ਪਾਰਟੀ ਦੇ ਐਮਪੀਜ਼ ਵਲੋਂ ਇਹ ਕਹਿਣ ਕਿ ਹੁਣ ਪ੍ਰਧਾਨ ਮੰਤਰੀ ਦੇ ਕਾਰਜਕਾਲ ਦੇ ਮੁਲਾਂਕਣ ਦਾ ਸਮਾਂ ਹੈ ਪਿੱਛੋਂ ਜਸਟਿਨ ਟਰੂਡੋ ਇਨ੍ਹਾਂ ਸਵਾਲਾਂ ਨੂੰ ਟਾਲ ਗਏ ਕਿ ਕੀ ਉਨ੍ਹਾਂ ਨੂੰ ਲੀਡਰਸ਼ਿਪ ਸਮੀਖਿਆ ਦਾ ਸਾਹਮਣਾ ਕਰਨਾ ਚਾਹੀਦਾ ਹੈ ਜਾਂ ਨਹੀਂ। ਟਰੂਡੋ ਆਪਣੀ ਪਾਰਟੀ ਦੀ ਕੌਕਸ ਰੀਟਰੀਟ ਦੇ ਸ਼ੁਰੂ ਹੋਣ ਸਮੇਂ ਪਾਰਲੀਮੈਂਟ ਹਿਲ ਵਿਖੇ ਮੌਜੂਦ ਸਨ ਪਰ ਉਹ ਤੇਜ਼ੀ ਨਾਲ ਪੱਤਰਕਾਰਾਂ ਕੋਲੋਂ ਲੰਘ ਗਏ ਜਿਹੜੇ ਉਨ੍ਹਾਂ ਨੂੰ ਇਹ ਪੁੱਛ ਰਹੇ ਸਨ ਕਿ ਕੀ ਉਹ ਲੀਡਰਸ਼ਿਪ ਸਮੀਖਿਆ ਵਿਚ ਹਿੱਸਾ ਲੈਣ ਦੀ ਇੱਛਾ ਰੱਖਦੇ ਹਨ ਕਿ ਨਹੀਂ ਅਤੇ ਉਨ੍ਹਾਂ ਨੇ ਸਾਥੀ ਲਿਬਰਲ ਦੀ ਬੇਨਤੀ ਨੂੰ ਲੈ ਕੇ ਕੀ ਸੋਚਿਆ ਹੈ। ਨਿਊਫਾਊਂਡਲੈਂਡ ਐਂਡ ਲੈਬਰਾਡੋਰ ਤੋਂ ਲਿਬਰਲ ਐਮਪੀ ਕੇਨ ਡੋਨਾਲਡ ਨੇ ਰੇਡੀਓ ਕੈਨੇਡਾ ਨੂੰ ਇਕ ਮੁਲਾਕਾਤ ਵਿਚ ਕਿਹਾ ਕਿ ਹਰੇਕ ਨੇਤਾ, ਹਰੇਕ ਪਾਰਟੀ ਲਈ ਕੋਈ ਸਮਾਂ ਸੀਮਾ ਹੁੰਦੀ ਹੈ। ਸਾਡੇ ਵੀ ਸਮਾਂ ਸੀਮਾ ਹੈ। ਪਾਰਟੀ ਵਜੋਂ ਗੱਲ ਸਾਫ ਕੀਤੀ ਜਾਵੇ ਅਤੇ ਜੇਕਰ ਕੁਝ ਲੋਕ ਸੋਚਦੇ ਹਨ ਕਿ ਉਨ੍ਹਾਂ ਕੋਲ ਨੇਤਾ ਹੈ ਤਾਂ ਫਿਰ ਠੀਕ ਹੈ।



ਐਟਲਾਂਟਿਕ ਕੈਨੇਡਾ ਦੇ ਐਮਪੀ ਨੇ ਪਿਛਲੇ ਸਮੇਂ ਵਿਚ ਆਪਣੀ ਹੀ ਸਰਕਾਰ ਦੀ ਕਾਰਬਨ ਕੀਮਤਾਂ ਵਰਗੇ ਮੁੱਦਿਆਂ 'ਤੇ ਆਲੋਚਨਾ ਕੀਤੀ ਸੀ ਪਰ ਬੁੱਧਵਾਰ ਦੀਆਂ ਟਿੱਪਣੀਆਂ ਨੇ ਮਤਭੇਦਾਂ ਨੂੰ ਹੋਰ ਡੂੰਘਾ ਕੀਤਾ ਹੈ ਅਤੇ ਇਹ ਪਹਿਲਾ ਮੌਕਾ ਹੈ ਕਿ ਇਕ ਲਿਬਰਲ ਐਮਪੀ ਨੇ ਜਨਤਕ ਰੂਪ ਵਿਚ ਟਰੂਡੋ ਦੀ ਲੀਡਰਸ਼ਿਪ ਨੂੰ ਚੁਣੌਤੀ ਦਿੱਤੀ ਹੈ, ਹਾਲਾਂਕਿ ਉਹ ਪ੍ਰਧਾਨ ਮੰਤਰੀ ਨੂੰ ਇਹ ਕਹਿਣ ਤੋਂ ਰੁਕ ਗਏ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟ ਜਾਣਾ ਚਾਹੀਦਾ ਹੈ। ਮੈਕਡੋਨਾਲਡ ਨੇ ਟਿੱਪਣੀਆਂ ਲਿਬਰਲਜ਼ ਦੀਆਂ ਤਿੰਨ ਦਿਨਾਂ ਕੌਕਸ ਮੀਟਿੰਗਾਂ ਦੇ ਸ਼ੁਰੂ ਹੋਣ ਸਮੇਂ ਕੀਤੀਆਂ। ਇਨ੍ਹਾਂ ਦਾ ਉਦੇਸ਼ ਅਗਲੇ ਹਫ਼ਤੇ ਹਾਊਸ ਆਫ ਕਾਮਨਜ਼ ਦੀ ਬੈਠਕ ਸ਼ੁਰੂ ਹੋਣ ਤੋਂ ਪਹਿਲਾਂ ਹਰੇਕ ਐਮਪੀਜ਼ ਨੂੰ ਆਮ ਸਹਿਮਤੀ 'ਤੇ ਲਿਆਉਣਾ ਹੈ। ਦੂਸਰੇ ਪਾਸੇ ਮੀਟਿੰਗਾਂ ਲਈ ਜਾ ਰਹੇ ਬਹੁਤੇ ਲਿਬਰਲਜ਼ ਐਮਪੀਜ਼ ਨੇ ਕਿਹਾ ਕਿ ਉਹ ਅਜੇ ਵੀ ਚਾਹੁੰਦੇ ਹਨ ਕਿ ਟਰੂਡੋ ਅਗਲੀ ਚੋਣ ਵਿਚ ਪਾਰਟੀ ਦੀ ਅਗਵਾਈ ਕਰੇ ਪਰ ਬੀਸੀ ਦੇ ਲਿਬਰਲ ਐਮਪੀ ਪੈਟਰਿਕ ਵੀਲਰ ਨੇ ਪ੍ਰਧਾਨ ਮੰਤਰੀ ਦੇ ਭਵਿੱਖ ਬਾਰੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਓਨਟਾਰੀਓ ਦੇ ਲਿਬਰਲ ਐਮਪੀ ਮਾਰਕਸ ਪੋਵਲੋਵਸਕੀ ਨੇ ਸਵੀਕਾਰ ਕੀਤਾ ਕਿ ਲਿਬਰਲਜ਼ ਨੂੰ ਗੰਭੀਰ ਸਿਆਸੀ ਪੌਣਪਾਣੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਰਿਸ਼ਤੇਦਾਰ ਮੁੰਡੇ ਨੂੰ ਸਟੋਰ 'ਤੇ ਕੰਮ ਲਈ ਮਜਬੂਰ ਕਰਨ ਵਾਲਾ ਅਮਰੀਕੀ ਸਿੱਖ ਜੋੜਾ ਦੋਸ਼ੀ ਕਰਾਰ

ਵਾਸ਼ਿੰਗਟਨ-ਭਾਰਤੀ ਮੂਲ ਦੇ ਸਿੱਖ ਜੋੜੇ ਨੂੰ ਆਪਣੇ ਰਿਸ਼ਤੇਦਾਰ ਨੂੰ ਉਨ੍ਹਾਂ ਦੇ ਸਟੋਰ ਵਿੱਚ ਜ਼ਿਆਦਾ ਘੰਟੇ ਕੰਮ ਕਰਨ ਲਈ ਮਜਬੂਰ ਕਰਨ, ਸਰੀਰਕ ਸ਼ੋਸ਼ਣ, ਧਮਕੀਆਂ ਦੇਣ ਅਤੇ ਉਸ ਦੇ ਇਮੀਗ੍ਰੇਸ਼ਨ ਦਸਤਾਵੇਜ਼ ਜ਼ਬਤ ਕਰਨ ਦਾ ਦੋਸ਼ੀ ਕਰਾਰ ਦਿੱਤਾ ਗਿਆ ਹੈ। ਦੋਸ਼ੀਆਂ ਦੀ ਪਛਾਣ ਹਰਮਨਪ੍ਰੀਤ ਸਿੰਘ (30) ਅਤੇ ਕੁਲਬੀਰ ਕੌਰ (43) ਵਜੋਂ ਹੋਈ ਹੈ। ਜਿਸ ਵੇਲੇ ਲੜਕਾ ਅਮਰੀਕਾ ਆਇਆ ਸੀ ਤਾਂ ਉਹ ਨਾਬਾਲਗ ਸੀ। ਉਸ ਨੂੰ ਅਮਰੀਕਾ 'ਚ ਪੜ੍ਹਾਉਣ ਦਾ ਵਾਅਦਾ ਕੀਤਾ ਗਿਆ ਸੀ। ਸਰਕਾਰੀ ਵਕੀਲਾਂ ਨੇ ਦੱਸਿਆ ਕਿ ਅਮਰੀਕਾ ਪਹੁੰਚਣ ਤੋਂ ਬਾਅਦ ਜੋੜੇ ਨੇ ਲੜਕੇ ਦੇ ਇਮੀਗ੍ਰੇਸ਼ਨ ਦਸਤਾਵੇਜ਼ ਲਏ ਅਤੇ ਉਸ ਨੂੰ ਤੁਰੰਤ ਕੰਮ 'ਤੇ ਲਗਾ ਦਿੱਤਾ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਪੀੜਤ ਨੂੰ ਕਈ ਦਿਨਾਂ ਤੱਕ ਸਟੋਰ ਦੇ ਅੰਦਰ ਇੱਕ ਦਫਤਰ ਵਿੱਚ ਸੌਣ ਲਈ ਮਜਬੂਰ ਕੀਤਾ ਗਿਆ। ਉਸ ਨੂੰ ਰੋਟੀ ਤੱਕ ਨਹੀਂ ਦਿੱਤੀ ਗਈ। ਜੋੜੇ ਨੇ ਉਸ ਦੀ ਭਾਰਤ ਵਾਪਸ ਭੇਜਣ ਦੀ ਬੇਨਤੀ ਨੂੰ ਵੀ ਠੁਕਰਾ ਦਿੱਤਾ ਅਤੇ ਉਸ ਨੂੰ ਆਪਣੇ ਵੀਜ਼ੇ ਦੀ ਮਿਆਦ ਤੋਂ ਵੱਧ ਰਹਿਣ ਲਈ ਮਜਬੂਰ ਕਰ ਦਿੱਤਾ। ਕਈ ਵਾਰ ਉਸ ਨੂੰ ਕੁੱਟਿਆ ਵੀ ਗਿਆ ਤੇ ਬੰਦੂਕ ਦਿਖਾ ਕੇ ਡਰਾਇਆ ਵੀ ਗਿਆ। ਸਰਕਾਰੀ ਵਕੀਲਾਂ ਨੇ ਕਿਹਾ ਕਿ ਦੁਰਵਿਵਹਾਰ ਅਤੇ ਜ਼ਬਰਦਸਤੀ ਮਜ਼ਦੂਰੀ ਮਾਰਚ 2018 ਵਿੱਚ ਸ਼ੁਰੂ ਹੋਈ ਅਤੇ ਮਈ 2021 ਤੱਕ ਜਾਰੀ ਰਹੀ। ਹੁਣ ਸਜ਼ਾ ਦੀ ਸੁਣਵਾਈ 8 ਮਈ ਨੂੰ ਤੈਅ ਕੀਤੀ ਗਈ ਹੈ। ਜੋੜੇ ਨੂੰ ਵੱਧ ਤੋਂ ਵੱਧ 20 ਸਾਲ ਦੀ ਕੈਦ, ਪੰਜ ਸਾਲ ਦੀ ਨਿਗਰਾਨੀ ਹੇਠ ਰਿਹਾਈ, 250,000 ਡਾਲਰ ਤੱਕ ਦਾ ਜੁਰਮਾਨਾ ਅਤੇ ਜ਼ਬਰਦਸਤੀ ਮਜ਼ਦੂਰੀ ਦੇ ਦੋਸ਼ ਲਈ ਲਾਜ਼ਮੀ ਮੁਆਵਜ਼ੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਆਸਟਰੇਲੀਆ 'ਚ ਡੁੱਬਣ ਕਾਰਨ 4 ਭਾਰਤੀਆਂ ਦੀ ਮੌਤ

ਮੈਲਬਰਨ-ਆਸਟਰੇਲੀਆ ਦੇ ਵਿਕਟੋਰੀਆ ਸੂਬੇ ਵਿਚ ਬੀਚ 'ਤੇ ਡੁੱਬਣ ਕਾਰਨ ਤਿੰਨ ਔਰਤਾਂ ਸਮੇਤ ਚਾਰ ਭਾਰਤੀਆਂ ਦੀ ਮੌਤ ਹੋ ਗਈ। ਚਾਰਾਂ ਦੀ ਪਛਾਣ 23 ਸਾਲਾ ਜਗਜੀਤ ਸਿੰਘ ਆਨੰਦ, ਵਿਦਿਆਰਥਣ ਸੁਹਾਨੀ ਆਨੰਦ ਅਤੇ ਕੀਰਤੀ ਬੇਦੀ (ਦੋਵੇਂ 20 ਸਾਲ) ਤੇ 43 ਸਾਲਾ ਰੀਮਾ ਸੋਂਧੀ ਵਜੋਂ ਹੋਈ ਹੈ। ਆਨੰਦ ਮੈਲਬਰਨ 'ਚ ਨਰਸ ਸੀ ਤੇ ਦੇਸ਼ ਦੀ ਸਥਾਈ ਨਿਵਾਸੀ ਸੀ। ਬੇਦੀ ਅਤੇ ਸੁਹਾਨੀ ਵਿਦਿਆਰਥੀ ਵੀਜ਼ੇ 'ਤੇ ਸਨ। ਪੰਜਾਬ ਦੀ ਰਹਿਣ ਵਾਲੀ ਸੋਂਧੀ ਦੋ ਹਫ਼ਤੇ ਪਹਿਲਾਂ ਛੁੱਟੀਆਂ ਮਨਾਉਣ ਆਸਟਰੇਲੀਆ ਆਈਆ ਸੀ। ਮੰਨਿਆ ਜਾਂਦਾ ਹੈ ਕਿ ਚਾਰੇ ਆਪਸ ਵਿੱਚ ਰਿਸ਼ਤੇਦਾਰ ਸਨ। ਬੀਚ 'ਤੇ ਵਾਪਰੀ ਇਹ ਘਟਨਾ 20 ਸਾਲਾਂ ਵਿੱਚ ਵਿਕਟੋਰੀਆ ਸਮੁੰਦਰੀ ਖੇਤਰ 'ਚ ਹੋਈ ਸਭ ਤੋਂ ਭਿਆਨਕ ਹੈ। ਇਹ ਘਟਨਾ ਵਿਕਟੋਰੀਆ ਦੇ ਫਿਲਿਪ ਆਈਲੈਂਡ 'ਚ ਬੁੱਧਵਾਰ ਨੂੰ ਵਾਪਰੀ।ਐਮਰਜੰਸੀ ਸੇਵਾਵਾਂ ਨੂੰ ਬਾਅਦ ਦੁਪਹਿਰ ਕਰੀਬ 3.30 ਵਜੇ ਨਿਊਹੈਵਨ ਨੇੜੇ ਚਾਰ ਲੋਕਾਂ ਦੇ ਪਾਣੀ 'ਚ ਡੁੱਬਣ ਦੀ ਸੰਭਾਵਨਾ ਦੀ ਸੂਚਨਾ ਮਿਲੀ। 'ਲਾਈਫਗਾਰਡਜ਼ ਨੇ ਉਨ੍ਹਾਂ 'ਚੋਂ ਤਿੰਨ ਨੂੰ ਪਾਣੀ 'ਚੋਂ ਬਾਹਰ ਕੱਢਿਆ ਅਤੇ ਇਕ ਬਚਾਅ ਕਿਸ਼ਤੀ ਨੇ ਆਖਰੀ ਵਿਅਕਤੀ ਨੂੰ ਪਾਣੀ 'ਚੋਂ ਬਾਹਰ ਕੱਢ ਲਿਆ। ਸਾਰੇ ਬੇਹੋਸ਼ ਸਨ ਅਤੇ ਉਨ੍ਹਾਂ ਦੇ ਸਰੀਰ ਵਿੱਚ ਕੋਈ ਹਿਲਜੁਲ ਨਹੀਂ ਸੀ। ਬਚਾਅ ਕਰਮਚਾਰੀਆਂ ਨੇ ਉਸਨੂੰ ਸੀਪੀਆਰ ਦੇਣਾ ਸ਼ੁਰੂ ਕਰ ਦਿੱਤਾ, ਜੋ ਇੱਕ ਕਿਸਮ ਦੀ ਮੁੱਢਲੀ ਸਹਾਇਤਾ ਹੈ।

# ਐਨਡੀਪੀ ਨੇਤਾ ਜਗਮੀਤ ਸਿੰਘ ਨੇ ਅਗਲੀਆਂ ਚੋਣਾਂ ਲਈ ਭਰਮਾਉਣ ਨਾਲ ਸ਼ੁਰੂ ਕੀਤੀ ਕੌਕਸ ਰੀਟਰੀਟ

ਐਡਮਿੰਟਨ-ਫੈਡਰਲ ਐਨਡੀਪੀ ਨੇਤਾ ਜਗਮੀਤ ਸਿੰਘ ਕੈਨੇਡੀਅਨ ਨੂੰ ਕਹਿ ਰਹੇ ਹਨ ਕਿ ਅਗਲੀਆਂ ਫੈਡਰਲ ਚੋਣਾਂ ਵਿਚ ਜਦੋਂ ਉਹ ਬੈਲਟ ਬੌਕਸ ਵਿਚ ਵੋਟ ਪਾਉਣ ਜਾਣਗੇ ਤਾਂ ਉਨ੍ਹਾਂ ਦੀ ਪਾਰਟੀ ਉਨ੍ਹਾਂ ਲਈ ਲਿਬਰਲਜ਼ ਜਾਂ ਕੰਸਰਵੇਟਿਵਾਂ ਦਾ ਇਕ ਵਿਹਾਰਕ ਬਦਲ ਹੈ। ਸਿੰਘ ਨੇ ਐਡਮਿੰਟਨ ਵਿਚ ਇਕ ਆਮ ਸੁਨੇਹੇ ਨਾਲ ਆਪਣੀ ਪਾਰਟੀ ਦੀ ਤਿੰਨ ਦਿਨਾਂ ਕੌਕਸ ਰੀਟਰੀਟ ਸ਼ੁਰੂ ਕੀਤੀ ਕਿ ਨਿਊ ਡੈਮੋਕਰੈਟਸ 'ਤੇ ਭਰੋਸਾ ਕੀਤਾ ਜਾ ਸਕਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਕੈਨੇਡੀਅਨਾਂ ਨੂੰ ਇਹ ਦਿਖਾਉਣ ਲਈ ਟਰੈਕ ਰਿਕਾਰਡ ਬਣਾਉਣ ਲਈ ਕਈ ਸਾਲ ਬਿਤਾਏ ਹਨ ਕਿ ਸਰਕਾਰ ਲੋਕਾਂ ਲਈ ਕੰਮ ਕਰਨ ਵਾਲੀ ਹੋਵੇਗੀ। ਉਨ੍ਹਾਂ ਨੇ ਆਪਣੇ ਰਾਜਸੀ ਵਿਰੋਧੀਆਂ 'ਤੇ ਨਿਸ਼ਾਨਾ ਸਾਧਦਿਆਂ ਸਰਕਾਰ ਚਲਾ ਰਹੇ ਲਿਬਰਲਜ਼ 'ਤੇ ਲੋਕਾਂ ਦੇ ਸੰਪਰਕ



ਵਿਚ ਨਾ ਰਹਿਣ ਦਾ ਦੋਸ਼ ਲਗਾਇਆ ਅਤੇ ਕਿਹਾ ਕਿ ਕਾਰਪੋਰੇਟ ਦੇ ਕੰਟਰੋਲ ਵਾਲੇ ਕੰਸਰਵੇਟਿਵ ਸੇਵਾਵਾਂ ਵਿਚ ਕਟੌਤੀ ਕਰ ਦੇਣਗੇ। ਜਗਮੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੇ ਨੀਤੀਆਂ ਨੂੰ ਅੱਗੇ ਲਿਜਾਣ ਲਈ ਘੱਟ ਗਿਣਤੀ ਸਰਕਾਰ ਨਾਲ ਸਮਝੌਤਾ ਕਰਕੇ ਆਪਣੀ ਤਾਕਤ ਦਾ ਲਾਭ ਉਠਾਇਆ ਹੈ ਅਤੇ ਇਨ੍ਹਾਂ ਨੀਤੀਆਂ ਨੇ ਪਰਿਵਾਰਾਂ ਲਈ ਜਿੰਦਗੀ ਨੂੰ ਹੋਰ ਕਿਫਾਇਤੀ ਬਣਾਇਆ ਹੈ। ਪਿਛਲੇ ਸਾਲ ਲਿਬਰਲਜ਼ ਨੇ ਕਈ ਕਿਫਾਇਤੀ ਉਪਾਅ ਕੀਤੇ ਹਨ ਜਿਸ ਵਿਚ ਘੱਟ ਆਮਦਨ ਵਾਲੇ ਪਰਿਵਾਰਾਂ ਦੇ ਬੱਚਿਆਂ ਲਈ ਦੰਦਾ ਦੀ ਦੇਖਭਾਲ ਦਾ ਲਾਭ, ਘੱਟ ਆਮਦਨ ਵਾਲੇ ਕਿਰਾਏਦਾਰਾਂ ਲਈ ਇਕ ਵਾਰ ਦਾ ਰੈਂਟਲ ਸਪਲੀਮੈਂਟਸ ਅਤੇ ਜੀਐਸਟੀ ਛੋਟ ਨੂੰ ਆਰਜ਼ੀ ਤੌਰ 'ਤੇ ਦੁੱਗਣਾ ਕਰਨਾ ਸ਼ਾਮਿਲ ਹਨ। ਇਹ ਐਨਡੀਪੀ ਦੀਆਂ ਤਰਜੀਹਾਂ ਸਨ।







# ਦਿੱਲੀ ਸਰਕਾਰ ਵੱਲੋਂ ਦਵਿੰਦਰਪਾਲ ਭੁੱਲਰ ਦੀ ਸਜ਼ਾ ਮੁਆਫ਼ੀ ਦੀ ਅਰਜ਼ੀ ਰੱਦ



ਨਵੀਂ ਦਿੱਲੀ (ਮਨਧੀਰ ਸਿੰਘ ਦਿਓਲ)-ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ (ਐੱਸਆਰਬੀ) ਨੇ 1993 ਦੇ ਦਿੱਲੀ ਬੰਬ ਧਮਾਕਿਆਂ ਦੇ ਦੋਸ਼ੀ ਦਵਿੰਦਰਪਾਲ ਸਿੰਘ ਭੁੱਲਰ ਦੀ ਰਹਿੰਦੀ ਸਜ਼ਾ ਦੀ ਮੁਆਫ਼ੀ ਦੀ ਮੰਗ ਰੱਦ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾਬਕ ਬੋਰਡ ਦੀ ਇਸ ਮੀਟਿੰਗ ਬਾਰੇ ਜਾਣਕਾਰੀ ਦਿੱਲੀ ਦੇ ਜੇਲ੍ਹ ਮਹਿਕਮੇ ਨੇ ਬੀਤੇ ਦਿਨ ਆਪਣੀ ਸਾਈਟ 'ਤੇ ਪਾਈ ਸੀ। ਦਿੱਲੀ ਸਰਕਾਰ ਦੇ ਗ੍ਰਹਿ ਮਹਿਕਮੇ ਵੱਲੋਂ ਇਸ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਵੀ 19 ਜਨਵਰੀ ਨੂੰ ਪੱਤਰ ਲਿਖਿਆ ਗਿਆ ਸੀ। ਦੱਸਿਆ ਗਿਆ ਹੈ ਕਿ ਇਸ ਬੈਠਕ ਵਿੱਚ ਸਜ਼ਾ ਮੁਆਫ਼ੀ ਨਾਲ ਸਬੰਧਤ 46 ਮਾਮਲੇ ਵਿਚਾਰੇ ਗਏ। ਇਨ੍ਹਾਂ ਵਿੱਚੋਂ 14 ਮਾਮਲਿਆਂ ਵਿੱਚ ਬੋਰਡ ਵੱਲੋਂ ਬੰਦੀਆਂ ਦੀ ਰਿਹਾਈ ਦਾ ਫ਼ੈਸਲਾ ਕੀਤਾ ਗਿਆ। ਸੂਤਰਾਂ ਮੁਤਾਬਕ ਰਿਹਾਈ ਵਾਲੀ ਸੂਚੀ ਵਿੱਚ ਦਵਿੰਦਰਪਾਲ ਸਿੰਘ ਭੁੱਲਰ ਦਾ ਨਾਂ ਸ਼ਾਮਲ ਨਹੀਂ ਹੈ। ਨਾਲ ਇਹ ਵੀ ਨਹੀਂ ਦੱਸਿਆ ਗਿਆ ਕਿ ਭੁੱਲਰ ਦੀ ਅਰਜ਼ੀ ਰੱਦ ਕਰਨ ਦਾ ਕੀ ਕਾਰਨ ਰਿਹਾ। ਸਿੱਖ ਜਥੇਬੰਦੀਆਂ ਵੱਲੋਂ ਦਿੱਲੀ ਸਰਕਾਰ ਉੱਪਰ ਜ਼ੋਰ ਪਾਇਆ ਜਾਂਦਾ ਹੈ ਕਿ ਭੁੱਲਰ ਦੀ ਮਾੜੀ ਸਿਹਤ ਕਾਰਨ ਉਸ ਨੂੰ ਰਿਹਾਅ ਕਰ ਦਿੱਤਾ ਜਾਵੇ। ਸੂਤਰਾਂ ਮੁਤਾਬਕ 14 ਦਸੰਬਰ 2022 ਨੂੰ ਹੋਈ ਇੱਕ ਮੀਟਿੰਗ ਵਿੱਚ ਇਹ ਵੀ ਵਿਚਾਰਿਆ ਗਿਆ ਸੀ ਕਿ ਭੁੱਲਰ ਨੂੰ ਪਹਿਲਾਂ ਰਿਹਾਅ ਕਰਨ ਬਾਰੇ ਅੰਮ੍ਰਿਤਸਰ ਪੁਲੀਸ ਵੱਲੋਂ ਨਾ ਹੀ ਵਿਰੋਧ ਕੀਤਾ ਗਿਆ ਸੀ ਅਤੇ ਨਾ ਹੀ ਸਮਰਥਨ ਕੀਤਾ ਗਿਆ ਸੀ। ਸੂਤਰਾਂ ਮੁਤਾਬਕ ਅੰਮ੍ਰਿਤਸਰ ਦੇ ਡੀਸੀ ਤੇ ਪੁਲੀਸ ਕਮਿਸ਼ਨਰ ਅਤੇ ਅੰਮ੍ਰਿਤਸਰ ਜੇਲ੍ਹ ਦੇ ਅਧਿਕਾਰੀ ਭੁੱਲਰ ਦੀ ਰਿਹਾਈ ਦੇ ਪੱਖ 'ਚ ਸਨ। ਭਗਵੰਤ ਮਾਨ ਸਰਕਾਰ ਵੀ ਭੁੱਲਰ ਦੀ ਰਿਹਾਈ ਦੇ ਪੱਖ ਵਿੱਚ ਦੱਸੀ ਜਾਂਦੀ ਹੈ ਤੇ ਕੇਂਦਰ ਸਰਕਾਰ ਨੇ ਭੁੱਲਰ ਦੀ ਰਿਹਾਈ ਦੀ ਸਹਿਮਤੀ ਦਿੱਤੀ ਹੋਈ ਹੈ। ਦਿੱਲੀ ਦੇ ਸਿੱਖ ਆਗੂ ਪਰਮਜੀਤ ਸਿੰਘ ਸਰਨਾ ਨੇ ਭੁੱਲਰ ਦੀ ਸਜ਼ਾ ਮੁਆਫ਼ ਕਰਕੇ ਪਹਿਲਾਂ ਰਿਹਾਈ ਕਰਨ ਦੀ ਮੰਗ ਨਾ ਮੰਨੇ ਜਾਣ 'ਤੇ ਕੇਜਰੀਵਾਲ ਸਰਕਾਰ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਤੇ 'ਆਪ' ਦੀ ਸਾਂਝੀ ਰਾਜਸੀ ਵਿਚਾਰਧਾਰਾ ਹੈ ਤੇ 'ਆਪ' ਭਾਜਪਾ ਦੀ 'ਬੀ ਟੀਮ' ਹੈ।

# ਅਯੁਧਿਆ ਰਾਮ ਮੰਦਿਰ ਵਿਚ ਰਾਮ ਲੱਲਾ ਦੀ ਮੂਰਤੀ ਸਥਾਪਿਤ-ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੋਹਲੇ

ਅਯੁੱਧਿਆ-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਗਵਾਈ ਹੇਠ ਆਯੁਧਿਆ ਰਾਮ ਮੰਦਿਰ ਵਿਚ ਰਾਮ ਲੱਲਾ ਦੀ ਮੂਰਤੀ ਸਥਾਪਿਤ ਕਰਨ ਤੋਂ ਬਾਦ ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੋਲ੍ਹ ਦਿੱਤੇ ਹਨ। ਵੱਡੀ ਗਿਣਤੀ ਸ਼ਰਧਾਲੂ ਰਾਮ ਲੱਲਾ ਦੇ ਦਰਸ਼ਨਾਂ ਲਈ ਇਕੱਠੇ ਹੋ ਗਏ ਅਤੇ ਦੁਪਹਿਰ ਤੱਕ ਸ਼ਰਧਾਲੂਆਂ ਦੀ ਭੀੜ ਕਾਬੂ ਕਰਨੀ ਔਖੀ ਹੋ ਗਈ। ਵੱਡੀ ਗਿਣਤੀ ਸ਼ਰਧਾਲੂਆਂ ਕਾਰਨ ਮੁੱਖ ਮਾਰਗ ਰਾਮ ਪਥ ਪੂਰੀ ਤਰ੍ਹਾਂ ਬੰਦ ਹੋ ਗਿਆ। ਇੱਕ ਅਧਿਕਾਰੀ ਨੇ ਦੱਸਿਆ ਕਿ ਦੁਪਹਿਰ ਤੱਕ ਦੋ ਲੱਖ ਲੋਕ ਮੰਦਰ ਦੇ ਦਰਸ਼ਨ ਕਰ ਚੁੱਕੇ ਸਨ ਅਤੇ ਅਨੁਮਾਨ ਹੈ ਕਿ ਦਿਨ ਦੇ ਅੰਤ ਤੱਕ ਪੰਜ ਲੱਖ ਸ਼ਰਧਾਲੂ ਪੰਜ ਲੱਖ ਸ਼ਰਧਾਲੂਆਂ ਦੇ ਦਰਸ਼ਨ ਕਰ ਲੈਣਗੇ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਵੀ ਅੱਜ ਮੰਦਰ ਜਾ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਮਿਲੀ ਜਾਣਕਾਰੀ ਅਨੁਸਾਰ ਵੱਡੀ ਗਿਣਤੀ ਸ਼ਰਧਾਲੂ ਪ੍ਰਾਣ ਪ੍ਰਤਿਸ਼ਠਾ ਸਮਾਗਮ ਤੋਂ ਪਹਿਲਾਂ ਹੀ ਅਯੁੱਧਿਆ 'ਚ ਡੇਰੇ ਲਗਾ ਕੇ ਬੈਠੇ ਹੋਏ ਸਨ। ਅੱਜ ਜਦੋਂ ਰਾਮ ਮੰਦਰ ਦੇ ਕਿਵਾੜ ਆਮ ਲੋਕਾਂ ਲਈ ਖੋਲ੍ਹੇ ਗਏ ਤਾਂ ਸ਼ਰਧਾਲੂਆਂ ਨੇ ਮੰਦਰ ਵੱਲ ਵਹੀਰਾਂ ਘੱਤ ਦਿੱਤੀਆਂ। ਬਾਅਦ ਦੁਪਹਿਰ ਤੱਕ ਤਾਂ ਸ਼ਰਧਾਲੂਆਂ ਦੀ ਇੰਨੀ ਭੀੜ ਇਕੱਠੀ ਹੋ ਗਈ ਕਿ ਸੁਰੱਖਿਆ ਬਲਾਂ ਦੇ ਜਵਾਨਾਂ ਨੂੰ ਸਥਿਤੀ ਸੰਭਾਲਣੀ ਮੁਸ਼ਕਲ ਹੋ ਗਈ। ਰਾਮ ਪਥ 'ਤੇ ਜਿੱਥੇ ਵੀ ਨਜ਼ਰ ਜਾ ਰਹੀ ਸੀ, ਉਥੇ ਸ਼ਰਧਾਲੂ ਦਿਖਾਈ ਦੇ ਰਹੇ ਸਨ। ਮੁੱਖ ਗੇਟ 'ਤੇ ਦਰਸ਼ਨ ਲਈ ਖੜ੍ਹਾ ਇੱਕ ਸ਼ਰਧਾਲੂ ਬੇਹੋਸ਼ ਹੋ ਗਿਆ ਜਿਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਲੰਘੀ ਰਾਤ ਤੋਂ ਹੀ ਸ਼ਰਧਾਲੂਆਂ ਦੀਆਂ ਕਤਾਰਾਂ ਲੱਗਣੀਆਂ ਸ਼ੁਰੂ ਹੋ ਗਈਆਂ ਸਨ। ਇਸੇ ਦੌਰਾਨ ਬਾਰਾਬਾਂਕੀ ਪੁਲੀਸ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਫਿਲਹਾਲ ਅਯੁੱਧਿਆ ਦੀ ਯਾਤਰਾ 'ਤੇ ਨਾ ਜਾਣ ਕਿਉਂਕਿ ਉੱਥੇ ਇਸ ਸਮੇਂ ਬਹੁਤ ਜ਼ਿਆਦਾ ਭੀੜ ਹੈ। ਪੁਲੀਸ ਨੇ ਦੱਸਿਆ ਕਿ ਅਯੁੱਧਿਆ ਨੂੰ ਜਾਣ ਵਾਲੇ ਸਾਰੇ ਟਰੈਫਿਕ ਨੂੰ ਬਦਲਵੇਂ ਰਸਤਿਆਂ ਰਾਹੀਂ ਭੇਜਿਆ ਜਾ ਰਿਹਾ ਹੈ।



# ਜੰਗੀ ਕੈਦੀਆਂ ਨੂੰ ਲਿਜਾ ਰਹੇ ਰੂਸੀ ਜਹਾਜ਼ 'ਤੇ ਹਮਲਾ-74 ਹਲਾਕ

ਮਾਸਕੋ-ਰੂਸੀ ਰੱਖਿਆ ਮੰਤਰਾਲੇ ਨੇ ਯੂਕਰੇਨੀ ਫ਼ੌਜ 'ਤੇ ਫ਼ੌਜੀ ਮਾਲਵਾਹਕ ਜਹਾਜ਼ ਉਪਰ ਹਮਲੇ ਦਾ ਦੋਸ਼ ਲਾਇਆ ਹੈ ਜਿਸ ਦੇ ਡਿੱਗਣ ਕਾਰਨ ਯੂਕਰੇਨ ਦੇ 65 ਜੰਗੀ ਕੈਦੀਆਂ ਸਮੇਤ 74 ਮੁਸਾਫ਼ਰ ਮਾਰੇ ਗਏ ਹਨ। ਯੂਕਰੇਨ ਦੇ ਅਧਿਕਾਰੀਆਂ ਨੇ ਰੂਸ ਦੇ ਦਾਅਵਿਆਂ ਨੂੰ ਨਾ ਨਕਾਰਿਆ ਹੈ ਅਤੇ ਨਾ ਹੀ ਇਸ ਦੀ ਪੁਸ਼ਟੀ ਕੀਤੀ ਹੈ। ਜਹਾਜ਼ ਦੇ ਬੇਲਗ੍ਰਾਦ 'ਚ ਡਿੱਗਣ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਰੂਸ ਅਤੇ ਯੂਕਰੇਨ ਵਿਚਕਾਰ ਜੰਗ ਨੂੰ 700 ਦਿਨ ਪੂਰੇ ਹੋ ਗਏ ਹਨ ਅਤੇ ਦੋਵੇਂ ਮੁਲਕ ਇਕ-ਦੂਜੇ ਉਪਰ ਹਮਲਿਆਂ ਦੇ ਦੋਸ਼ ਲਾਉਂਦੇ ਆ ਰਹੇ ਹਨ। ਰੂਸੀ ਫ਼ੌਜ ਨੇ ਕਿਹਾ ਕਿ ਜਹਾਜ਼ 'ਚ 65 ਜੰਗੀ ਕੈਦੀਆਂ ਤੋਂ ਇਲਾਵਾ ਅਮਲੇ ਦੇ ਛੇ ਮੈਂਬਰ ਅਤੇ ਤਿੰਨ ਹੋਰ ਮੁਸਾਫ਼ਰ ਸਵਾਰ ਸਨ। ਬਿਆਨ ਮੁਤਾਬਕ ਰੂਸੀ ਰਡਾਰ 'ਚ ਯੂਕਰੇਨ ਦੇ ਖਾਰਕੀਵ ਖ਼ਿੱਤੇ ਤੋਂ ਦੋ ਮਿਜ਼ਾਈਲਾਂ ਦਾਗੇ ਜਾਣ ਦੀ ਪੁਸ਼ਟੀ ਹੋਈ ਹੈ। ਉਂਜ ਮੰਤਰਾਲੇ ਨੇ ਇਸ ਦਾਅਵੇ ਦਾ ਕੋਈ ਸਬੂਤ ਨਹੀਂ ਦਿੱਤਾ ਹੈ। ਰੂਸੀ ਫ਼ੌਜ ਨੇ ਕਿਹਾ ਕਿ ਜੰਗੀ ਕੈਦੀਆਂ ਨੂੰ ਅਦਲਾ-ਬਦਲੀ ਨੀਤੀ ਤਹਿਤ ਖ਼ਿੱਤੇ 'ਚ ਲਿਆਂਦਾ ਜਾ ਰਿਹਾ ਸੀ। ਯੂਕਰੇਨੀ ਫ਼ੌਜੀ ਇੰਟੈਲੀਜੈਂਸ ਦੇ ਤਰਜਮਾਨ ਆਂਦਰੀ ਯੂਸੋਵ ਨੇ ਕਿਹਾ ਕਿ ਕੈਦੀਆਂ ਦੀ ਅਦਲਾ-ਬਦਲੀ ਹੋਣੀ ਸੀ ਪਰ ਹੁਣ ਇਸ ਨੂੰ ਟਾਲ ਦਿੱਤਾ ਗਿਆ ਹੈ। ਜਹਾਜ਼ ਡਿੱਗਣ ਤੋਂ ਕੁਝ ਸਮਾਂ ਪਹਿਲਾਂ ਬੇਲਗ੍ਰਾਦ ਦੇ ਗਵਰਨਰ ਵਯਾਚੇਸਲਾਵ ਗਲੈਡਕੋਵ ਨੇ ਖ਼ਿੱਤੇ 'ਚ ਮਿਜ਼ਾਈਲ ਅਲਰਟ ਦੀ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਸੁਰੱਖਿਅਤ ਥਾਂ 'ਤੇ ਪਨਾਹ ਲੈਣ ਦੀ ਅਪੀਲ ਕੀਤੀ ਸੀ। ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਵਿਸ਼ੇਸ਼ ਫ਼ੌਜੀ ਕਮਿਸ਼ਨ ਜਹਾਜ਼ ਡਿੱਗਣ ਵਾਲੀ ਥਾਂ ਵੱਲ ਰਵਾਨਾ ਹੋ ਗਿਆ ਹੈ।







# ਆਖਰ ਜਿੱਤ ਗਈ ਭਾਜਪਾਈ ਸਿਆਸਤ

## ਅਯੁਧਿਆ ਵਿਚ ਰਾਮ ਮੰਦਿਰ ਦੇ ਸੁਪਨੇ ਦਾ ਸੱਚ...

**ਸੁਖਵਿੰਦਰ ਸਿੰਘ ਚੋਹਲਾ**

ਭਾਰਤੀ ਜਨਤਾ ਪਾਰਟੀ ਨੇ ਆਖਰ ਆਪਣੇ ਹਿੰਦੂਤਵ ਦੇ ਏਜੰਡੇ ਨੂੰ ਅਮਲੀ ਰੂਪ ਦਿੰਦਿਆਂ ਆਯੁਧਿਆ ਵਿਚ ਰਾਮ ਮੰਦਿਰ ਦਾ ਸੁਪਨਾ ਸੱਚ ਕਰ ਵਿਖਾਇਆ। ਉਹ ਸੁਪਨਾ ਜੋ ਉਸਨੇ ਆਪਣੀ ਰਾਜਸੀ ਇੱਛਾ ਦੀ ਪੂਰਤੀ ਹਿੱਤ ਦੇਸ਼ ਦੇ ਕਰੋੜਾਂ ਹਿੰਦੂਆਂ ਦੇ ਮਨਾਂ ਵਿਚ ਜਗਾਇਆ ਤੇ ਵੋਟ ਸ਼ਕਤੀ ਵਿਚ ਵਟਾਇਆ। ਇਸੇ ਵੋਟ ਸ਼ਕਤੀ ਦੇ ਸਹਾਰੇ ਹੀ ਦੇਸ਼ ਦੀ ਸਰਵਉਚ ਅਦਾਲਤ ਦਾ ਫਤਵਾ ਰਾਮ ਮੰਦਿਰ ਦੇ ਨਿਰਮਾਣ ਵਿਚ ਸਹਾਈ ਹੋਇਆ। ਭਾਰਤੀ ਸੁਪਰੀਮ ਕੋਰਟ ਵਲੋਂ 9 ਨਵੰਬਰ 2019 ਨੂੰ ਸੁਣਾਇਆ ਗਿਆ ਅੰਤਿਮ ਫੈਸਲਾ ਕਿ ਰਾਮ ਜਨਮ ਭੂਮੀ ਦੀ ਲਗਪਗ ਪੌਣੇ ਤਿੰਨ ਏਕੜ ਜ਼ਮੀਨ ਰਾਮ ਮੰਦਿਰ ਲਈ ਦੇਣ ਦੇ ਨਾਲ ਮੁਸਲਿਮ ਵਕਫ ਬੋਰਡ ਨੂੰ ਮਸਜਿਦ ਦੀ ਉਸਾਰੀ ਲਈ ਕਿਸੇ ਬਦਲਵੇਂ ਥਾਂ 5 ਏਕੜ ਜ਼ਮੀਨ ਦਿੱਤੀ ਜਾਵੇ, ਦੇ ਨਾਲ ਇਸ ਵੱਡੇ ਵਿਵਾਦ ਦਾ ਹੱਲ ਕਰ ਦਿੱਤਾ ਗਿਆ। ਸੁਪਰੀਮ ਕੋਰਟ ਨੇ ਇਸ ਫੈਸਲੇ ਦਾ ਆਧਾਰ ਬਣਾਇਆ, ਭਾਰਤੀ ਪੁਰਾਤਤਵ ਵਿਭਾਗ ਦੀ 2003 ਵਿਚ ਪੇਸ਼ ਕੀਤੀ ਗਈ ਉਸ ਰਿਪੋਰਟ ਨੂੰ, ਜਿਸ ਵਿਚ ਵਿਭਾਗ ਵਲੋਂ ਬਾਬਰੀ ਮਸਜਿਦ ਦੀ ਖੁਦਾਈ ਦੌਰਾਨ ਮੰਦਿਰ ਦੇ ਪੁਰਾਣੇ ਢਾਂਚੇ ਦਾ ਮੌਜੂਦ ਹੋਣਾ ਦੱਸਿਆ ਗਿਆ ਸੀ।

ਆਯੁਧਿਆ ਵਿਚ ਰਾਮ ਜਨਮ ਭੂਮੀ ਬਨਾਮ ਬਾਬਰੀ ਮਸਜਿਦ ਦੇ ਵਿਵਾਦ ਦਾ ਇਕ ਲੰਬਾ ਇਤਿਹਾਸ ਹੈ। ਕਿਹਾ ਜਾਂਦਾ ਹੈ ਕਿ ਵਿਦੇਸ਼ੀ ਹਮਲਾਵਰ ਬਾਬਰ ਨੇ 1526 ਵਿਚ ਹਿੰਦਸਤਾਨ ਤੇ ਹਮਲੇ ਪਿੱਛੋਂ 1528 ਵਿਚ ਆਯੁਧਿਆ ਵਿਖੇ ਰਾਮ ਮੰਦਿਰ ਨੂੰ ਢਾਹਕੇ ਆਪਣੀ ਜਿੱਤ ਦੇ ਪ੍ਰਚਮ ਵਜੋਂ ਕਮਾਂਡਰ ਮੀਰ ਬਾਕੀ ਦੀ ਨਿਗਰਾਨੀ ਹੇਠ ਬਾਬਰੀ ਮਸਜਿਦ ਤਾਮੀਰ ਕਰਵਾਈ ਸੀ। ਮੁਗਲ ਰਾਜ ਦੇ ਖਾਤਮੇ ਪਿੱਛੋਂ ਅੰਗਰੇਜ਼ ਸ਼ਾਸਨ ਦੌਰਾਨ ਪ੍ਰਸ਼ਾਸਨ ਨੇ ਰਾਮ ਜਨਮ ਭੂਮੀ ਤੇ ਕੋਈ ਵੱਡਾ ਵਿਵਾਦ ਖੜਾ ਨਾ ਹੋਣ ਦਿੱਤਾ। ਆਜਾਦੀ ਤੋਂ ਬਾਦ ਦਸੰਬਰ 1949 ਵਿਚ ਅਚਾਨਕ ਵਿਵਾਦਪੂਰਣ ਬਾਬਰੀ ਮਸਜਿਦ ਵਿਚ ਭਗਵਾਨ ਰਾਮ ਦੀ 'ਮੂਰਤੀ ਪ੍ਰਗਟ' ਹੋਣ ਦਾ ਰੌਲਾ ਰੱਪਾ ਪੈਣਾ ਸ਼ੁਰੂ ਹੋਇਆ। 1950 ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਇਕ ਆਗੂ ਗੋਪਾਲ ਸਿੰਘ ਵਿਸ਼ਾਰਦ ਵਲੋਂ ਬੰਦ ਪਈ ਮਸਜਿਦ ਨੂੰ ਖੁਲਵਾਉਣ ਅਤੇ ਪੁਰਾਤਨ ਰਾਮ ਮੰਦਿਰ ਦੇ ਦਰਸ਼ਨ ਲਈ ਪਟੀਸ਼ਨ ਦਾਇਰ ਕੀਤੀ ਗਈ। ਇਹ ਕੇਸ ਲੰਬਾ ਸਮਾਂ ਚਲਦਾ ਰਿਹਾ। 25 ਸਤੰਬਰ 1985 ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਵਲੋਂ ਰਾਮ ਜਨਮ ਭੂਮੀ ਆਜ਼ਾਦ ਕਰਵਾਉਣ ਦੇ ਸੱਦੇ ਨਾਲ ਰੱਥ ਯਾਤਰਾ ਕੀਤੀ ਗਈ। ਅਪ੍ਰੈਲ 1985 ਵਿਚ ਬੇਗਮ ਸ਼ਾਹ ਬਾਨੋ ਤਲਾਕ ਕੇਸ ਵਿਚ ਸੁਪਰੀਮ ਕੋਰਟ ਦੇ ਫੈਸਲੇ ਖਿਲਾਫ ਮੁਸਲਿਮ ਭਾਈਚਾਰੇ ਨੂੰ ਖੁਸ਼ ਕਰਨ ਲਈ ਪਾਰਲੀਮੈਂਟ ਵਿਚ ਨਵਾਂ ਕਨੂੰਨ ਬਣਾਇਆ ਗਿਆ। ਜਿਸ ਉਪਰੰਤ ਹਿੰਦੂ ਭਾਈਚਾਰੇ ਦੀ ਨਾਰਾਜ਼ਗੀ ਨੂੰ ਦੂਰ ਕਰਨ ਦੇ ਇਵਜ਼ ਵਜੋਂ 1986 ਵਿਚ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵਲੋਂ ਮਸਜਿਦ ਦੇ ਤਾਲੇ ਖੋਹਲਣ ਦੀ ਇਜ਼ਾਜਤ ਦਿੱਤੀ ਗਈ। ਪਰ ਭਾਜਪਾ ਵਲੋਂ ਅਡਵਾਨੀ ਦੀ ਅਗਵਾਈ ਹੇਠ ਰਾਮ ਮੰਦਿਰ ਦੇ ਨਿਰਮਾਣ ਲਈ ਸ਼ੁਰੂ ਕੀਤੀ ਗਈ ਰੱਥ ਯਾਤਰਾ ਨੇ ਇਸ ਮੁੱਦੇ ਨੂੰ ਮੁਲਕ ਵਿਚ ਫਿਰਕੂ ਤਣਾਅ ਦਾ ਕਾਰਣ ਬਣਾ ਦਿੱਤਾ। 6 ਦਸੰਬਰ 1992 ਦਾ ਉਹ ਦਿਨ ਭਾਰਤੀ ਲੋਕਤੰਤਰ ਲਈ ਕਾਲੇ ਦਿਨ ਵਜੋਂ ਯਾਦ ਕੀਤਾ ਜਾਂਦਾ ਹੈ ਜਦੋਂ ਲੱਖਾਂ ਦੀ ਤਾਦਾਦ ਵਿਚ ਜੁੜੇ ਰਾਮ ਭਗਤਾਂ ਨੇ ਬਾਬਰੀ ਮਸਜਿਦ ਦਾ ਵਿਵਾਦਿਤ ਢਾਂਚਾ ਢਹਿ ਢੇਰੀ ਕਰ ਦਿੱਤਾ। ਇਸਦੇ ਪ੍ਰਤੀਕਰਮ ਵਜੋਂ 1993 ਦੇ ਮੁੰਬਈ ਦੰਗਿਆਂ ਵਿਚ ਸੈਂਕੜੇ ਲੋਕ ਮਾਰੇ ਗਏ। 2002 ਵਿਚ ਗੋਧਰਾ ਟਰੇਨ ਅਗਨੀ ਕਾਂਡ ਤੇ ਗੁਜਰਾਤ ਦੰਗਿਆਂ ਦੇ ਦੁਖਦਾਈ ਨਿਸ਼ਾਨ ਭਾਰਤੀ ਲੋਕਤੰਤਰ ਦੇ ਚਿਹਰੇ ਉਪਰ ਅੱਜ ਵੀ ਬਦਨੁਮਾਂ ਦਾਗ ਦੀ ਤਰਾਂ ਹਨ।



ਭਾਰਤੀ ਜਨਤਾ ਪਾਰਟੀ ਨੇ ਆਯੁਧਿਆ ਵਿਚ ਰਾਮ ਮੰਦਿਰ ਦੇ ਨਿਰਮਾਣ ਦੀ ਲਹਿਰ ਦੀ ਅਗਵਾਈ ਕਰਦਿਆਂ ਰਾਜ ਸੱਤਾ ਤੱਕ ਪੁੱਜਣ ਦਾ ਆਪਣਾ ਸੁਪਨਾ ਤਾਂ ਪੂਰਾ ਕੀਤਾ ਪਰ ਇਸ ਨਿਸ਼ਾਨੇ ਦੀ ਪੂਰਤੀ ਲਈ 2 ਹਜ਼ਾਰ ਤੋਂ ਉਪਰ ਲਾਸ਼ਾਂ ਦੇ ਢੇਰ ਉਪਰੋਂ ਲੰਘਣ ਦਾ ਪਾਪ ਵੀ ਉਸੇ ਦੀ ਝੋਲੀ ਪਿਆ ਹੈ।

ਆਯੁਧਿਆ ਵਿਚ 22 ਜਨਵਰੀ ਨੂੰ ਰਾਮ ਮੰਦਿਰ ਦੇ ਸ਼ਾਨਦਾਰ ਉਦਘਾਟਨ ਲਈ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ। ਲਗਪਗ 8 ਹਜਾਰ ਸੱਦੇ ਗਏ ਵਿਸ਼ੇਸ਼ ਮਹਿਮਾਨਾਂ ਤੋਂ ਇਲਾਵਾ ਦੇਸ਼ ਭਰ ਚੋਂ ਲੱਖਾਂ ਲੋਕ ਆਯੁਧਿਆ ਪਹੁੰਚ ਰਹੇ ਹਨ। ਭਾਵੇਂਕਿ ਕਹਿਣ ਨੂੰ ਰਾਮ ਮੰਦਿਰ ਉਦਘਾਟਨ ਦਾ ਸਾਰਾ ਪ੍ਰਬੰਧ ਰਾਮ ਮੰਦਿਰ ਟਰੱਸਟ ਵਲੋਂ ਕੀਤਾ ਜਾ ਰਿਹਾ ਹੈ ਪਰ ਇਸ ਵਿਚ ਪ੍ਰਧਾਨ ਮੰਤਰੀ ਦਫਤਰ ਤੇ ਯੂ ਪੀ ਦੀ ਯੋਗੀ ਸਰਕਾਰ ਦਾ ਹੀ ਸਾਰਾ ਦਾਰੋਮਦਾਰ ਹੈ। ਰਾਮ ਮੰਦਿਰ ਨਿਰਮਾਣ ਤੇ ਉਦਘਾਟਨ ਸਮਾਰੋਹ ਤੱਕ ਸਾਰੇ ਪ੍ਰੋਗਰਾਮਾਂ ਵਿਚ ਪ੍ਰਧਾਨ ਮੰਤਰੀ ਦਾ ਨਿੱਜੀ ਦਖਲ ਵੀ ਸਪੱਸ਼ਟ ਹੈ। ਮੰਦਿਰ ਵਿਚ ਮੂਰਤੀ ਸਥਾਪਨਾ ਅਤੇ ਪ੍ਰਾਣ ਪ੍ਰਤਿਸ਼ਠਾ ਪ੍ਰੋਗਰਾਮ ਵਿਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਨੇ ਪ੍ਰੋਗਰਾਮ ਨੂੰ ਧਾਰਮਿਕ ਦੀ ਥਾਂ ਸਿਆਸੀ ਰੰਗ ਵਿਚ ਰੰਗ ਰੱਖਿਆ ਹੈ। ਪ੍ਰਧਾਨ ਮੰਤਰੀ ਕਿਸੇ ਰਾਜੇ ਜਾਂ ਰਾਜ ਪ੍ਰੋਹਿਤ ਦੀ ਤਰਾਂ ਧਾਰਮਿਕ ਕ੍ਰਿਆਵਾਂ ਕਰਦੇ ਦਿਖਾਈ ਦੇ ਰਹੇ ਹਨ। ਇਸ ਦੌਰਾਨ ਹਿੰਦੂ ਧਰਮ ਦੇ ਚਹੁੰ ਮੱਠਾਂ-ਦਵਾਰਕਾ ( ਗੁਜਰਾਤ), ਜੋਸ਼ੀਮੱਠ ( ਉਤਰਾਖੰਡ), ਪੁਰੀ (ਉਡੀਸ਼ਾ) ਤੇ ਸ਼੍ਰਿੰਗੇਰੀ (ਕਰਨਾਟਕ) ਦੇ ਚਹੁੰ ਸ਼ੰਕਰਾਚਾਰੀਆ ਵਲੋਂ ਆਯੁਧਿਆ ਸਮਾਰੋਹ ਵਿਚ ਸ਼ਾਮਿਲ ਨਾ ਹੋਣ ਦੇ ਐਲਾਨ ਨੇ ਵੀ ਕਈ ਸ਼ੰਕੇ ਖੜੇ ਕੀਤੇ ਹਨ। ਰਾਮ ਮੰਦਿਰ ਵਿਚ ਮੂਰਤੀ ਸਥਾਪਨਾ ਦੀ ਅਹਿਮ ਰਸਮ ਮੌਕੇ ਕਿਸੇ ਸ਼ੰਕਰਾਚਾਰੀਆ ਦਾ ਗੈਰ ਹਾਜ਼ਰ ਹੋਣਾ ਹਿੰਦੂ ਰਵਾਇਤਾਂ ਤੇ ਪ੍ਰੰਪਰਾਵਾਂ ਦੇ ਠੀਕ ਤਰਾਂ ਨਿਰਵਾਹ ਵਿਚ ਵਿਘਨ ਵਾਂਗ ਹੈ। ਇਸ ਮੌਕੇ ਪੁਰੀ ਦੇ ਸ਼ੰਕਰਾਚਾਰੀਆ ਦਾ ਇਹ ਕਹਿਣਾ ਬਹੁਤ ਮਹੱਤਵਪੂਰਣ ਹੈ ਕਿ ਨਵ ਨਿਰਮਿਤ ਮੰਦਿਰ ਵਿਚ ਭਗਵਾਨ ਦੀ ਪੂਰਤੀ ਨੂੰ ਜਦੋਂ ਪ੍ਰਧਾਨ ਮੰਤਰੀ ਸਥਾਪਿਤ ਕਰਨ ਦੀ ਰਸਮ ਅਦਾ ਕਰ ਰਿਹਾ ਹੋਵੇਗਾ ਤਾਂ ਕੀ ਉਹ ਉਥੇ ਤਾੜੀਆਂ ਮਾਰਨ ਲਈ ਮੌਜੂਦ ਹੋਣਗੇ। ਇਸ ਸਮਾਗਮ ਦੌਰਾਨ ਭਾਵੇਂ ਦੇਸ਼ ਭਰ ਚੋ ਸੈਂਕੜੇ ਸੰਤ ਮਹਾਤਮਾ ਤੇ ਹੋਰ ਅਹਿਮ ਸ਼ਖਸੀਅਤਾਂ ਸ਼ਾਮਿਲ ਹੋਣਗੀਆਂ ਪਰ ਸ਼ੰਕਰਾਚਾਰੀਆ ਦਾ ਸ਼ਾਮਿਲ ਨਾ ਹੋਣਾ ਹਿੰਦੂ ਭਾਈਚਾਰੇ ਦੇ ਇਕ ਵੱਡੇ ਵਰਗ ਲਈ ਅਸ਼ੁਭ ਮੰਨਿਆ ਜਾਵੇਗਾ। ਰਾਮ ਮੰਦਿਰ ਦੇ ਉਦਘਾਟਨ ਵਿਚ ਪ੍ਰਮੁੱਖ ਸੰਤ ਮਹਾਤਮਾਵਾਂ ਦੀ ਨਾਰਾਜ਼ਗੀ ਦੇ ਨਾਲ ਸਿਆਸੀ ਖੇਤਰ ਵਿਚ ਇਸ ਮੁੱਦੇ ਨੂੰ ਲੈਕੇ ਭਾਰੀ ਵਿਵਾਦ ਛਿੜਿਆ ਹੋਇਆ ਹੈ। ਪ੍ਰਬੰਧਕਾਂ ਵਲੋਂ ਮੁਲਕ ਦੀਆਂ ਲਗਪਗ ਸਾਰੀਆਂ ਸਿਆਸੀ ਪਾਰਟੀਆਂ ਤੇ ਉਹਨਾਂ ਦੇ ਮੁਖੀਆਂ ਨੂੰ ਉਦਘਾਟਨੀ ਸਮਾਗਮ ਲਈ ਸੱਦਾ ਪੱਤਰ ਭੇਜੇ ਗਏ ਹਨ ਪਰ ਮੁੱਖ ਵਿਰੋਧੀ ਧਿਰ ਕਾਂਗਰਸ ਨੇ ਇਸ ਸਮਾਗਮ ਵਿਚ ਸ਼ਾਮਿਲ ਨਾ ਹੋਣ ਦਾ ਐਲਾਨ ਕੀਤਾ ਹੈ। ਧਰਮ ਨਿਰਪੱਖ ਪਾਰਟੀਆਂ ਵਲੋਂ ਇਸ ਧਾਰਮਿਕ ਸਮਾਗਮ ਵਿਚ ਪ੍ਰਧਾਨ ਮੰਤਰੀ ਦੀ ਸ਼ਮੂਲੀਅਤ ਨੂੰ ਸੰਵਿਧਾਨ ਦੀ ਉਲੰਘਣਾ ਕਰਾਰ ਦਿੱਤਾ ਜਾ ਰਿਹਾ ਹੈ। ਬਿਨਾਂ ਸ਼ੱਕ ਭਾਰਤੀ ਸੰਵਿਧਾਨ ਕਿਸੇ ਵੀ ਨਾਗਰਿਕ ਜਾਂ ਨਾਗਰਿਕ ਸਮੂਹ ਨੂੰ ਧਾਰਮਿਕ ਆਜਾਦੀ ਦਿੰਦਾ ਹੈ ਪਰ ਇਸਦਾ ਧਰਮ ਨਿਰਪੱਖ ਸਰੂਪ ਕਿਸੇ ਵੀ ਸਰਕਾਰ ਤੇ ਸਰਕਾਰ ਦੇ ਮੁਖੀ ਨੂੰ ਧਾਰਮਿਕ ਪੱਖਪਾਤ ਦੀ ਇਜਾਜ਼ਤ ਨਹੀ ਦਿੰਦਾ। ਭਾਰਤੀ ਸੰਵਿਧਾਨ ਧਰਮ ਨਿਰਪੱਖ ਹੋਣ ਦਾ ਸਪੱਸ਼ਟ ਨਿਖੇੜਾ ਕਰਦਾ ਹੈ ਪਰ ਸੱਚਾਈ ਇਹ ਹੈ ਕਿ ਇਥੇ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਅਤੇ ਉਸਦੇ ਮੁਖੀ ਅਕਸਰ ਹੀ ਆਪਣੀ ਵੋਟ ਰਾਜਨੀਤੀ ਲਈ ਧਾਰਮਿਕ ਸਮੂਹਾਂ ਨੂੰ ਖੁਸ਼ ਕਰਨ ਦੀ ਹੋੜ ਵਿਚ ਰਹਿੰਦੇ ਹਨ। ਪ੍ਰਧਾਨ ਮੰਤਰੀ ਮੋਦੀ ਅਤੇ ਭਾਜਪਾ ਵਲੋਂ ਆਗਾਮੀ ਲੋਕ ਸਭਾ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ ਰਾਮ ਮੰਦਿਰ ਨਿਰਮਾਣ ਅਤੇ ਉਦਘਾਟਨ ਪ੍ਰੋਗਰਾਮਾਂ ਨੂੰ ਸਰਕਾਰ ਵਲੋਂ ਸਪਾਂਸਰ ਕਰ ਦਿੱਤਾ ਗਿਆ ਹੈ। ਕਿਸੇ ਧਾਰਮਿਕ ਸਮਾਗਮ ਵਿਚ ਕਿਸੇ ਸਰਕਾਰ ਦੇ ਮੁਖੀ ਦਾ ਇਕ ਮਹਿਮਾਨ ਜਾਂ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਣਾ ਤਾਂ ਮੰਨਿਆ ਜਾ ਸਕਦਾ ਹੈ ਪਰ ਉਸ ਧਾਰਮਿਕ ਪ੍ਰੋਗਰਾਮ ਦਾ ਕਿਸੇ ਰਾਜ ਪ੍ਰੋਹਿਤ ਵਾਂਗ ਨਿਰਵਾਹ ਕਰਨਾ ਕਦਾਚਿਤ ਉਚਿਤ ਨਹੀਂ।

ਪ੍ਰਧਾਨ ਮੰਤਰੀ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਿਨਾਂ ਸ਼ੱਕ ਰਾਮ ਮੰਦਿਰ ਨਿਰਮਾਣ ਦਾ ਰਾਜਸੀ ਲਾਹਾ ਲੈਣ ਹਿੱਤ ਸ਼ੰਕਰਾਚਾਰੀਆ ਜਾਂ ਹੋਰ ਧਾਰਮਿਕ ਆਗੂਆਂ ਦੀ ਨਾਰਾਜ਼ਗੀ ਨੂੰ ਨਜ਼ਰਅੰਦਾਜ਼ ਕਰਦਿਆਂ ਆਪਣੇ ਏਜੰਡੇ ਤੇ ਅੱਗੇ ਵਧ ਰਹੀ ਹੈ ਪਰ ਜਿਸ ਮੁਲਕ ਵਿਚ 80 ਪ੍ਰਤੀਸ਼ਤ ਲੋਕਾਂ ਨੂੰ ਆਪਣੇ ਬੁਨਿਆਦੀ ਹੱਕਾਂ ਤੇ ਲੋੜਾਂ ਲਈ ਸਰਕਾਰਾਂ ਨੂੰ ਸਵਾਲ ਕਰਨ ਦੀ ਥਾਂ ਕੇਵਲ ਧਰਮ ਪਿਆਰਾ ਹੋਵੇ , ਉਥੇ ਹਾਕਮ ਤਾਂ ਉਹੀ ਕਰਨਗੇ ਜੋ ਉਹਨਾਂ ਲਈ ਵਧੇਰੇ ਕਫਾਇਤੀ ਹੋਵੇਗਾ।

ਇਸੇ ਦੌਰਾਨ ਰਾਮ ਮੰਦਿਰ ਉਦਘਾਟਨੀ ਸਮਾਗਮ ਵਿਚ ਸ਼ਾਮਿਲ ਹੋਣ ਜਾਂ ਨਾ ਹੋਣ ਬਾਰੇ ਪੰਜਾਬ ਦੇ ਸਿੱਖ ਧਾਰਮਿਕ ਆਗੂਆਂ ਨੂੰ ਵੀ ਸਵਾਲ ਕੀਤੇ ਜਾ ਰਹੇ ਹਨ। ਸਿੱਖ ਬੁਧੀਜੀਵੀਆਂ ਦਾ ਕਹਿਣਾ ਹੈ ਕਿ ਸਿੱਖ ਧਰਮ ਵਿਚ ਮੂਰਤੀ ਪੂਜਾ ਵਰਜਿਤ ਹੈ, ਇਸ ਲਈ ਸਿੱਖ ਧਾਰਮਿਕ ਆਗੂਆਂ ਨੂੰ ਸਮਾਗਮ ਵਿਚ ਸ਼ਾਮਿਲ ਨਹੀ ਹੋਣਾ ਚਾਹੀਦਾ। ਸਵਾਲ ਹੈ ਕੀ ਰਾਮ ਮੰਦਿਰ ਉਦਘਾਟਨੀ ਸਮਾਗਮ ਵਿਚ ਸ਼ਾਮਿਲ ਹੋਣ ਨਾਲ ਹੀ ਕਿਸੇ ਵਿਅਕਤੀ ਵਿਸ਼ੇਸ਼ ਦਾ ਧਰਮ ਤਬਦੀਲ ਹੋ ਜਾਵੇਗਾ ? ਸਿਆਸੀ ਨਫਾ ਨੁਕਸਾਨ ਦੀ ਸੂਝ ਵਾਲੇ ਲੋਕ ਇਕ ਟੁੱਕ ਫੈਸਲਾ ਲੈ ਸਕਦੇ ਹਨ ਪਰ ਕੀ ਧਰਮ ਦੇ ਮਾਰਗ ਤੇ ਚੱਲਣ ਦੇ ਦਾਅਵੇਦਾਰਾਂ ਵਲੋਂ ਕਿਸੇ ਦੂਸਰੇ ਧਰਮ ਪ੍ਰਤੀ ਅਸਹਿਣਸ਼ੀਲਤਾ ਦਾ ਵਿਵਹਾਰ ਉਚਿਤ ਠਹਿਰਾਇਆ ਜਾ ਸਕੇਗਾ ? ਧਰਮ ਦਾ ਅਰਥ ਜੋੜਨਾ ਹੈ, ਤੋੜਨਾ ਨਹੀ। ਸ਼ਾਇਦ ਸਿਆਸਤ ਦੇ ਅਰਥਾਂ ਵਿਚ ਕੁਝ ਹੋਰ ਹੋਵੇ..


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL — KULWANT ATWAL 604-716-2135

MORTGAGES 1st, 2nd or Private — BHAJAN ATWAL 604-773-8426

BUILD WITH WARRANTY — BUILD, SUPPORT & ADVICE TEAM WORK — 604-773-8426 604-594-7592



Save Commissions &
Get Sold Guaranteed
We Help Buyers With Cash Back
Buy, Sell, Mortgage or
Build With Us:



amex A Mark of EXcellence

CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages

604-716-2135 604-773-8426

## ਕੈਨੇਡਾ ਸਰਕਾਰ ਵੱਲੋਂ ਐਲਾਨੀ ਐਮਰਜੈਂਸੀ ਗਲਤ ਕਰਾਰ

ਵੈਨਕੂਵਰ-ਕੈਨੇਡਾ ਦੀ ਫੈਡਰਲ ਅਦਾਲਤ ਦੇ ਜੱਜ ਨੇ ਦੋ ਸਾਲ ਪਹਿਲਾਂ ਮੁਜ਼ਾਹਰਾਕਾਰੀਆਂ ਨੂੰ ਖਦੇੜਨ ਲਈ ਸਰਕਾਰ ਵੱਲੋਂ ਐਲਾਨੀ ਐਮਰਜੈਂਸੀ ਨੂੰ ਗਲਤ ਠਹਿਰਾਇਆ ਹੈ। ਜਸਟਿਸ ਰਿਟਰਡ ਮੋਸਲੇ ਨੇ ਆਪਣੇ ਫ਼ੈਸਲੇ 'ਚ ਕਿਹਾ ਕਿ ਬੇਸ਼ੱਕ ਸਰਕਾਰ ਵੱਲੋਂ ਸਮੇਂ ਦੀਆਂ ਚੁਣੌਤੀਆਂ ਨਾਲ ਨਜਿੱਠਣਾ ਸੁਖਾਲਾ ਨਹੀਂ ਸੀ। ਸ਼ਾਇਦ ਇਸੇ ਕਾਰਨ ਕਈ ਕਨੂੰਨੀ ਹੱਦਾਂ ਟੱਪਣੀਆਂ ਪਈਆਂ ਹੋਣਗੀਆਂ ਪਰ ਉਲੰਘਣਾ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਦੋ ਸਾਲ ਪਹਿਲਾਂ ਕੈਨੇਡਾ ਦੀ ਰਾਜਧਾਨੀ ਓਟਵਾ 'ਚ ਕਰੋਨਾ ਪਾਬੰਦੀਆਂ ਦੇ ਰੋਸ ਵਜੋਂ ਟਰੱਕ ਚਾਲਕਾਂ ਨੇ ਪ੍ਰਦਰਸ਼ਨ ਕੀਤਾ ਸੀ। ਇਸ ਦੌਰਾਨ ਪਾਰਲੀਮੈਂਟ ਹਿੱਲ ਸਮੇਤ ਕਈ ਸੜਕਾਂ 'ਤੇ ਟਰੱਕ ਖੜ੍ਹੇ ਕਰ ਕੇ ਰਸਤੇ ਰੋਕੇ ਗਏ ਸਨ। ਪ੍ਰਦਰਸ਼ਨਕਾਰੀਆਂ ਦੇ ਵਤੀਰੇ ਕਾਰਨ ਸਰਕਾਰ ਨੇ ਐਮਰਜੈਂਸੀ ਐਲਾਨ ਦਿੱਤੀ ਸੀ।

# ਟਰੂਡੋ ਵਿਰੁੱਧ ਲਿਬਰਲ ਪਾਰਟੀ 'ਚੋਂ ਹੀ ਉੱਠਣ ਲੱਗੀ ਆਵਾਜ਼

ਵੈਨਕੂਵਰ-ਕੈਨੇਡਾ ਦੇ ਪ੍ਰਧਾਨ ਮੰਤਰੀ ਤੇ ਲਿਬਰਲ ਪਾਰਟੀ ਪ੍ਰਧਾਨ ਜਸਟਿਨ ਟਰੂਡੋ ਨੂੰ ਪਾਰਟੀ ਪ੍ਰਧਾਨਗੀ ਤੋਂ ਲਾਂਭੇ ਕਰਨ ਲਈ ਪਾਰਟੀ ਦੇ ਅੰਦਰੋਂ ਆਵਾਜ਼ ਉੱਠਣ ਲੱਗੀ ਹੈ। ਨਿਊਫਾਊਂਡਲੈਂਡ ਦੇ ਐਵਾਲੋਨ ਹਲਕੇ ਤੋਂ ਤਿੰਨ ਵਾਰ ਦੇ ਸੰਸਦ ਮੈਂਬਰ ਕੈਨ ਮੈਕਡੌਨਲਡ ਨੇ ਕਿਹਾ ਕਿ ਪਾਰਟੀ ਨੂੰ ਮਜ਼ਬੂਤ ਕਰਨ ਹਿਤ ਲੀਡਰਸ਼ਿਪ ਦੀ ਸਮੀਖਿਆ ਲਈ ਹੁਣ ਢੁੱਕਵਾਂ ਸਮਾਂ ਹੈ ਜਿਸ ਨੂੰ ਪਾਰਟੀ ਦੀ ਮਜ਼ਬੂਤੀ ਵਾਸਤੇ ਖੁੰਝਾਇਆ ਨਹੀਂ ਜਾਣਾ ਚਾਹੀਦਾ। ਸੰਸਦ ਮੈਂਬਰ ਨੇ ਕਿਹਾ ਕਿ ਉਹ ਟਰੂਡੋ ਦਾ ਵਿਰੋਧੀ ਨਹੀਂ ਪਰ ਪਾਰਟੀ ਦੀ ਮਜ਼ਬੂਤੀ ਲਈ ਲੋਕਾਂ ਦੇ ਮਨਾਂ ਦੀ ਟੋਹ ਲਾਉਣ ਦਾ ਹਾਮੀ ਹੈ। ਉਸ ਨੇ ਦਾਅਵਾ ਕੀਤਾ ਕਿ ਪਿਛਲੀਆਂ ਚੋਣਾਂ 'ਚ ਉਸ ਦੇ ਖੇਤਰ ਦੀਆਂ 34 ਸੀਟਾਂ 'ਚੋਂ 32 ਸੀਟਾਂ ਲਿਬਰਲ ਪਾਰਟੀ ਦੇ ਖਾਤੇ ਪਈਆਂ ਸੀ ਪਰ ਇਸ ਵਾਰ ਹਾਲਾਤ ਉਲਟ ਹਨ ਜਿਸ ਬਾਰੇ ਸਮਾਂ ਰਹਿੰਦਿਆਂ ਗੰਭੀਰ ਹੋਣ ਦੀ ਲੋੜ ਹੈ। ਉਸ ਨੇ ਅਫਸੋਸ ਜ਼ਾਹਿਰ ਕੀਤਾ ਕਿ ਉਨ੍ਹਾਂ ਦੀ ਪਾਰਟੀ ਲੋਕਾਂ ਦੀਆਂ ਭਾਵਨਾਵਾਂ



ਪੱਖੋਂ ਬੇਪ੍ਰਵਾਹ ਹੋ ਕੇ ਆਪਣਾ ਗ੍ਰਾਫ਼ ਹੇਠਾਂ ਵਲ ਲਿਜਾ ਰਹੀ ਹੈ, ਜਿਸ ਬਾਰੇ ਆਗੂਆਂ ਨੂੰ ਚਿੰਤਤ ਹੋ ਕੇ ਵਿਚਾਰ ਕਰਨ ਦੀ ਲੋੜ ਹੈ। ਉਸ ਨੇ ਦੁਬਾਰਾ ਸਪੱਸ਼ਟ ਕੀਤਾ ਕਿ ਉਹ ਜਸਟਿਨ ਟਰੂਡੋ ਦਾ ਵਿਰੋਧੀ ਨਹੀਂ, ਪਰ ਪਾਰਟੀ ਦੇ ਵੱਡੇ ਹਿੱਤਾਂ ਨੂੰ ਮੁੱਖ ਰੱਖ ਕੇ ਸਮੀਖਿਆ ਦੀ ਮੰਗ ਉਭਾਰ ਰਿਹਾ ਹੈ ਜਿਸ ਦੀ ਸਖ਼ਤ ਲੋੜ ਹੈ। ਕੈਨ ਨੇ ਕਿਹਾ ਕਿ ਪਿਛਲੇ ਸਾਲ ਉਸ ਨੇ ਕਾਰਬਨ ਟੈਕਸ ਮਾਮਲੇ 'ਚ ਆਪਣੀ ਸਰਕਾਰ ਦਾ ਵਿਰੋਧ ਕਰ ਕੇ ਕੁਝ ਵੀ ਗਲਤ ਨਹੀਂ ਸੀ ਕੀਤਾ ਕਿਉਂਕਿ ਉਹ ਬਹੁਗਿਣਤੀ ਕੈਨੇਡੀਅਨਾਂ ਦੀ ਮੰਗ ਹੈ ਤੇ ਅੱਜ ਵੀ ਇਹ ਕਹਿਣ ਤੋਂ ਝਿਜਕ ਨਹੀਂ ਹੈ ਕਿ ਪ੍ਰਧਾਨ ਮੰਤਰੀ ਨੂੰ ਉਹ ਜ਼ਿੱਦ ਪੁਗਾਉਣੀ ਮਹਿੰਗੀ ਪੈ ਸਕਦੀ ਹੈ। ਉਸ ਨੇ ਆਪਣੀ ਗੱਲ 'ਤੇ ਦ੍ਰਿੜ ਰਹਿੰਦਿਆਂ ਯਾਦ ਕਰਵਾਇਆ ਕਿ ਹਰੇਕ ਪਾਰਟੀ ਤੇ ਹਰ ਆਗੂ ਲਈ ਜ਼ਰੂਰੀ ਹੁੰਦਾ ਹੈ ਕਿ ਉਹ ਸਮਾਂ ਰਹਿੰਦਿਆਂ ਆਪਣੇ-ਆਪ ਨੂੰ ਸਮੇਂ ਅਨੁਸਾਰ ਢਾਲ ਲਵੇ ਅਤੇ ਲਿਬਰਲ ਪਾਰਟੀ ਨੂੰ ਵੀ ਇਸ 'ਤੇ ਅਮਲ ਕਰਨ ਦੀ ਲੋੜ ਹੈ।



# ਆਟੋ ਰਿਕਸ਼ਾ ਸਵਾਰਾਂ ਨੂੰ ਡੰਪਰ ਨੇ ਟੱਕਰ ਮਾਰੀ, 12 ਮੌਤਾਂ

## ਗੰਗਾ ਇਸ਼ਨਾਨ ਲਈ ਜਾ ਰਹੇ ਸਨ ਆਟੋ ਰਿਕਸ਼ਾ ਸਵਾਰ

ਸ਼ਾਹਜਹਾਂਪੁਰ (ਯੂਪੀ)-ਸ਼ਾਹਜਹਾਂਪੁਰ ਜ਼ਿਲ੍ਹੇ ਵਿੱਚ ਅੱਜ ਸਵੇਰੇ ਤੇਜ਼ ਰਫਤਾਰ ਡੰਪਰ ਦੇ ਆਟੋ-ਰਿਕਸ਼ਾ ਨਾਲ ਟਕਰਾਉਣ ਕਾਰਨ 12 ਵਿਅਕਤੀਆਂ ਦੀ ਮੌਤ ਹੋ ਗਈ। ਸੰਘਣੀ ਧੁੰਦ ਕਾਰਨ ਅੱਲ੍ਹਾਗੰਜ ਪੁਲੀਸ ਸਟੇਸ਼ਨ ਦੀ ਹੱਦ ਅਧੀਨ ਫਰੂਖਾਬਾਦ ਰੋਡ 'ਤੇ ਇਹ ਹਾਦਸਾ ਵਾਪਰਿਆ। ਪੁਲੀਸ ਵੱਲੋਂ ਡੰਪਰ ਨੂੰ ਜ਼ਬਤ ਕਰ ਲਿਆ ਗਿਆ ਹੈ। ਆਟੋ ਰਿਕਸ਼ਾ 'ਚ ਸਾਰੇ ਪੀੜਤ ਗੰਗਾ ਇਸ਼ਨਾਨ ਲਈ ਜਾ ਰਹੇ ਸਨ ਮ੍ਰਿਤਕਾਂ 'ਚ ਤਿੰਨ ਔਰਤਾਂ ਵੀ ਸ਼ਾਮਲ ਹਨ। ਘਟਨਾ ਤੋਂ ਬਾਅਦ ਟਰੱਕ ਡਰਾਈਵਰ ਮੌਤੇ ਤੋਂ ਫਰਾਰ ਹੋ ਗਿਆ। ਪੁਲੀਸ ਨੇ ਅਣਪਛਾਤੇ ਡਰਾਈਵਰ ਖ਼ਿਲਾਫ਼ ਧਾਰਾ 302 ਤਹਿਤ ਕੇਸ ਦਰਜ ਕਰ ਲਿਆ ਹੈ। ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਇਸ ਘਟਨਾ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜ਼ਖਮੀਆਂ ਦੇ ਤੁਰੰਤ ਇਲਾਜ ਨੂੰ ਤਰਜੀਹ ਦੇਣ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦੇਣ ਦੇ ਨਿਰਦੇਸ਼ ਦਿੱਤੇ ਹਨ।

### ਜੈਸ਼ੰਕਰ ਦੇ ਬਿਆਨ 'ਤੇ ਚੀਨ ਨੇ ਦਿੱਤਾ ਪ੍ਰਤੀਕਰਮ

## ਭਾਰਤ ਨਾਲ ਸਰਹੱਦੀ ਵਿਵਾਦ ਅਤੀਤ ਦੀ ਦੇਣ-ਚੀਨ

ਪੇਈਚਿੰਗ-ਚੀਨੀ ਫ਼ੌਜ ਨੇ ਕਿਹਾ ਹੈ ਕਿ ਭਾਰਤ ਨਾਲ ਸਰਹੱਦੀ ਵਿਵਾਦ ਅਤੀਤ ਦੀ ਦੇਣ ਹੈ ਅਤੇ ਇਸ ਨੂੰ ਸਮੁੱਚੇ ਸਬੰਧਾਂ ਨਾਲ ਜੋੜਨਾ ਸਹੀ ਨਹੀਂ ਹੈ ਕਿਉਂਕਿ ਇਹ ਦੁਵੱਲੇ ਸਬੰਧਾਂ ਦੀ ਪੂਰੀ ਤਸਵੀਰ ਨੂੰ ਨਹੀਂ ਦਰਸਾਉਂਦਾ ਹੈ। ਕੌਮੀ ਰੱਖਿਆ ਬਾਰੇ ਚੀਨੀ ਮੰਤਰਾਲੇ ਦੇ ਤਰਜਮਾਨ ਸੀਨੀਅਰ ਕਰਨਲ ਵੂ ਕਿਆਨ ਨੇ ਇਹ ਬਿਆਨ ਉਸ ਸਮੇਂ ਦਿੱਤਾ ਜਦੋਂ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਕਿਹਾ ਸੀ ਕਿ ਚੀਨ ਨੇ 2020 ਦੇ ਦੁਵੱਲੀ ਸਰਬਸੰਮਤੀ ਦੀ ਉਲੰਘਣਾ ਕਰਦਿਆਂ ਅਸਲ ਕੰਟਰੋਲ ਰੇਖਾ 'ਤੇ ਵੱਡੀ ਗਿਣਤੀ 'ਚ ਫ਼ੌਜ ਤਾਇਨਾਤ ਕਰ ਦਿੱਤੀ ਜਿਸ ਦੇ ਨਤੀਜੇ ਵਜੋਂ ਗਲਵਾਨ ਘਾਟੀ 'ਚ ਟਕਰਾਅ ਪੈਦਾ ਹੋਇਆ ਸੀ। ਭਾਰਤ ਅਤੇ ਚੀਨ ਦੇ ਸਬੰਧ ਮਈ 2020 ਤੋਂ ਤਣਾਅ ਵਾਲੇ ਬਣੇ ਹੋਏ ਹਨ। ਵੂ ਨੇ ਪੇਈਚਿੰਗ ਦੇ ਇਸ ਦਾਅਵੇ ਨੂੰ ਦੁਹਰਾਇਆ ਕਿ ਗਲਵਾਨ ਘਾਟੀ ਅਸਲ ਕੰਟਰੋਲ ਰੇਖਾ 'ਤੇ ਪੱਛਮੀ ਸੈਕਟਰ ਦੇ ਚੀਨ ਵੱਲ ਸਥਿਤ ਹੈ ਅਤੇ ਸਬੰਧਤ ਘਟਨਾ ਉਸ ਸਮੇਂ ਹੋਈ ਜਦੋਂ ਭਾਰਤੀ ਫ਼ੌਜੀਆਂ ਨੇ ਆਮ ਸਹਿਮਤੀ ਦੀ ਉਲੰਘਣਾ ਕੀਤੀ ਅਤੇ ਇਕਪਾਸੜ ਢੰਗ ਨਾਲ ਭੜਕਾਇਆ। ਉਨ੍ਹਾਂ ਕਿਹਾ ਕਿ ਪੂਰੀ ਜ਼ਿੰਮੇਵਾਰੀ ਭਾਰਤ ਦੀ ਬਣਦੀ ਹੈ। ਵੂ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਚੀਨ ਅਤੇ ਭਾਰਤ ਵਿਚਕਾਰ ਫ਼ੌਜੀ ਅਤੇ ਕੂਟਨੀਤਕ ਪੱਧਰ 'ਤੇ ਗੱਲਬਾਤ ਹੋਈ ਹੈ। ਦੋਵੇਂ ਮੁਲਕਾਂ ਦੀਆਂ ਫ਼ੌਜਾਂ ਦੇ ਕੋਰ ਕਮਾਂਡਰ ਪੱਧਰ 'ਤੇ 20 ਮੀਟਿੰਗਾਂ ਹੋਈਆਂ ਹਨ ਅਤੇ ਚਾਰ ਥਾਵਾਂ ਗਲਵਾਨ ਘਾਟੀ, ਪੈਂਗੌਂਗ ਝੀਲ, ਹੌਟ ਸਪਰਿੰਗਜ਼ ਅਤੇ ਜ਼ਿਆਨਾਲ ਦਬਾਨ (ਗੋਗਰਾ) ਤੋਂ ਫ਼ੌਜ ਪਿੱਛੇ ਹਟਾ ਕੇ ਸਰਹੱਦ 'ਤੇ ਤਣਾਅ ਘਟਾਉਣ 'ਚ ਯੋਗਦਾਨ ਦੇਣ 'ਤੇ ਸਹਿਮਤੀ ਜਤਾਈ ਹੈ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਰਾਮ ਮੰਦਰ ਨੂੰ ਵਿਰਾਸਤ ਵਜੋਂ ਯਾਦ ਕੀਤਾ ਜਾਵੇਗਾ-ਮੁਰਮੂ

## ਗਣਤੰਤਰ ਦਿਵਸ ਦੀ ਪੂਰਬਲੀ ਸੰਧਿਆ ਰਾਸ਼ਟਰਪਤੀ ਵੱਲੋਂ ਦੇਸ਼ ਦੇ ਨਾਂ ਸੰਬੋਧਨ

ਨਵੀਂ ਦਿੱਲੀ-ਰਾਸ਼ਟਰਪਤੀ ਦਰੋਪਦੀ ਮੁਰਮੂ ਨੇ 75ਵੇਂ ਗਣਤੰਤਰ ਦਿਵਸ ਦੀ ਪੂਰਬਲੀ ਸੰਧਿਆ ਰਾਸ਼ਟਰ ਦੇ ਨਾਂ ਆਪਣੇ ਸੰਬੋਧਨ ਵਿੱਚ ਕਿਹਾ ਕਿ ਰਾਮ ਮੰਦਰ ਨੂੰ ਇਤਿਹਾਸ ਵਿੱਚ 'ਭਾਰਤ ਵੱਲੋਂ ਆਪਣੀ ਤਹਿਜ਼ੀਬੀ ਵਿਰਾਸਤ ਦੀ ਮੁੜ ਖੋਜ' ਅਤੇ ਵਿਸ਼ਾਲ ਭਵਨ ਵਜੋਂ ਯਾਦ ਕੀਤਾ ਜਾਵੇਗਾ ਜੋ ਨਾ ਸਿਰਫ਼ ਲੋਕਾਂ ਦੀ ਸ਼ਰਧਾ ਨੂੰ ਦਰਸਾਉਂਦਾ ਹੈ ਬਲਕਿ ਨਿਆਂਇਕ ਅਮਲ ਵਿੱਚ ਉਨ੍ਹਾਂ ਦੇ ਅਸਧਾਰਨ ਭਰੋਸੇ ਦੀ ਵੀ ਸ਼ਾਹਦੀ ਭਰਦਾ ਹੈ। ਰਾਸ਼ਟਰਪਤੀ ਨੇ ਆਪਣੇ ਸੰਬੋਧਨ ਵਿਚ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਭਲਾਈ ਸਕੀਮਾਂ ਸਣੇ ਵੱਖ ਵੱਖ ਮੁੱਦਿਆਂ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਦੇਸ਼ ਲਈ ਗੌਰਵ ਦਾ ਦਿਨ ਹੋਵੇਗਾ ਜਦੋਂ ਉਹ ਉਨ੍ਹਾਂ ਮੁਲਕਾਂ ਵਿੱਚ ਸ਼ੁਮਾਰ ਹੋਵੇਗਾ, ਜਿੱਥੇ ਸਾਰਿਆਂ ਦੇ ਸਿਰ 'ਤੇ ਛੱਤ ਹੋਵੇਗੀ ਤੇ ਕੋਈ ਟਾਵਾਂ ਹੀ ਬੇਘਰ ਹੋਵੇਗਾ। ਮੁਰਮੂ ਨੇ ਵਿਸ਼ਵ ਦੇ ਕਈ ਹਿੱਸਿਆਂ ਵਿੱਚ ਮੁਲਕਾਂ ਦਰਮਿਆਨ ਜਾਰੀ ਟਕਰਾਅ ਦੇ ਮੁੱਦੇ ਨੂੰ ਵੀ ਛੋਹਿਆ ਤੇ ਇਨ੍ਹਾਂ ਨੂੰ ਸਿਆਣਪ ਤੇ ਤਰਕਸੰਗਤ ਢੰਗ ਨਾਲ ਸੁਲਝਾਉਣ 'ਤੇ ਜ਼ੋਰ ਦਿੱਤਾ। ਰਾਸ਼ਟਰਪਤੀ ਮੁਰਮੂ ਨੇ ਕਿਹਾ, "ਜਦੋਂ ਇਕ ਦੂਜੇ ਨਾਲ ਝਗੜੇ ਵਿੱਚ ਪਈਆਂ ਧਿਰਾਂ ਇਹ ਸੋਚਦੀਆਂ ਹਨ ਕਿ ਉਹ ਸਹੀ ਤੇ ਦੂਜਾ ਗ਼ਲਤ ਹੈ ਤਾਂ ਅਜਿਹੇ ਮੌਕੇ ਵਿਵੇਕ ਤੇ ਸਿਆਣਪ ਨਾਲ ਮਸਲੇ ਦਾ ਕੋਈ ਹੱਲ ਲੱਭਿਆ ਜਾਣਾ ਚਾਹੀਦਾ ਹੈ। ਬਦਕਿਸਮਤੀ ਨਾਲ ਵਿਚਾਰ ਚਰਚਾ ਦੀ ਥਾਂ ਡਰ ਤੇ ਪੱਖਪਾਤ ਨੇ ਗੁੱਸੇ ਨੂੰ ਹਵਾ ਦਿੱਤੀ ਜੋ ਬੇਰਹਿਮ ਹਿੰਸਾ ਦਾ ਕਾਰਨ ਬਣੀ। ਮਾਨਵਤਾ ਨੂੰ ਇਕ ਤੋਂ ਬਾਅਦ ਇਕ ਵੱਡੀਆਂ ਮੁਸੀਬਤਾਂ ਝੱਲਣੀਆਂ ਪੈ ਰਹੀਆਂ ਹਨ ਜਿਸ ਤੋਂ ਅਸੀਂ ਦੁਖੀ ਹਾਂ।" ਰਾਸ਼ਟਰਪਤੀ ਨੇ ਵਰਧਮਾਨ ਮਹਾਵੀਰ, ਸਮਰਾਟ ਅਸ਼ੋਕ ਤੇ ਮਹਾਤਮਾ ਗਾਂਧੀ ਦੀਆਂ ਸਿੱਖਿਆਵਾਂ ਦੇ ਹਵਾਲੇ ਨਾਲ ਆਸ ਜਤਾਈ ਕਿ ਜਿਹੜੇ ਖਿੱਤੇ ਝਗੜੇ ਝੇੜਿਆਂ ਵਿਚ ਪਏ ਹਨ, ਉਹ ਇਨ੍ਹਾਂ ਦੇ ਨਿਬੇੜੇ ਲਈ ਕੋਈ ਸ਼ਾਂਤੀਪੂਰਨ ਹੱਲ ਲੱਭ ਲੈਣਗੇ ਤੇ ਸ਼ਾਂਤੀ ਬਹਾਲੀ ਯਕੀਨੀ ਬਣਾਉਣਗੇ। ਅਯੁੱਧਿਆ ਵਿਚ ਨਵੇਂ ਬਣੇ ਮੰਦਰ ਵਿੱਚ ਭਗਵਾਨ ਰਾਮ ਦੀ ਪ੍ਰਾਣ ਪ੍ਰਤਿਸ਼ਠਾ ਦੀ ਹਾਲੀਆ ਰਸਮ ਦੇ ਹਵਾਲੇ ਨਾਲ ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਜਦੋਂ ਇਸ ਸਮਾਗਮ ਨੂੰ ਵਿਸ਼ਾਲ ਪਰਿਪੇਖ ਵਿੱਚ ਦੇਖਿਆ ਜਾਵੇਗਾ ਤਾਂ ਭਵਿੱਖ ਦੇ ਇਤਿਹਾਸਕਾਰ ਇਸ ਨੂੰ ਭਾਰਤ ਦੀ ਤਹਿਜ਼ੀਬੀ ਵਿਰਾਸਤ ਦੀ ਮੁੜ-ਖੋਜ ਦੇ ਮੀਲ ਪੱਥਰ ਵਜੋਂ ਲੈਣਗੇ। ਉਨ੍ਹਾਂ ਕਿਹਾ, "ਰਾਮ ਮੰਦਰ ਦਾ ਨਿਰਮਾਣ ਲੋੜੀਂਦਾ ਨਿਆਂਇਕ ਅਮਲ ਪੂਰਾ ਹੋਣ ਤੇ ਦੇਸ਼ ਦੀ ਸਰਵਉੱਚ ਅਦਾਲਤ ਦੇ ਫੈਸਲੇ ਮਗਰੋਂ ਸ਼ੁਰੂ ਹੋਇਆ। ਅੱਜ ਇਹ ਵਿਸ਼ਾਲ ਭਵਨ ਵਜੋਂ ਖੜ੍ਹਾ ਹੈ, ਜੋ ਨਾ ਸਿਰਫ਼ ਲੋਕਾਂ ਦੀ ਸ਼ਰਧਾ ਨੂੰ ਦਰਸਾਉਂਦਾ ਹੈ ਬਲਕਿ ਨਿਆਂਇਕ ਅਮਲ ਵਿੱਚ ਲੋਕਾਂ ਦੇ ਅਥਾਹ ਭਰੋਸੇ ਦੀ ਵੀ ਸ਼ਾਹਦੀ ਭਰਦਾ ਹੈ।" ਮੁਰਮੂ ਨੇ ਕਿਹਾ ਕਿ ਭਾਰਤ ਦੀ ਮੇਜ਼ਬਾਨੀ ਵਿੱਚ ਹੋਏ 'ਸ਼ਾਨਦਾਰ' ਜੀ2@ ਸਿਖਰ ਸੰਮੇਲਨ ਨੇ ਨਾਗਰਿਕਾਂ ਨੂੰ ਰਣਨੀਤਕ ਅਤੇ ਕੂਟਨੀਤਕ ਮਾਮਲਿਆਂ ਵਿੱਚ ਭਾਗੀਦਾਰ ਬਣਾਉਣ ਲਈ ਸਾਰਿਆਂ ਲਈ ਸਬਕ ਪ੍ਰਦਾਨ ਕੀਤੇ, ਜੋ ਉਨ੍ਹਾਂ ਦੇ ਆਪਣੇ ਭਵਿੱਖ ਨੂੰ ਆਕਾਰ ਦੇਣਗੇ। ਉਨ੍ਹਾਂ ਕਿਹਾ ਕਿ ਜੀ-2@ ਸਿਖਰ ਸੰਮੇਲਨ ਨੇ ਭਾਰਤ ਨੂੰ ਆਲਮੀ ਦੱਖਣ ਦੀ ਆਵਾਜ਼ ਵਜੋਂ ਉਭਾਰਿਆ।

ਦੇਸ਼ ਦੇ ਅਰਥਚਾਰੇ ਦੀ ਗੱਲ ਕਰਦਿਆਂ ਰਾਸ਼ਟਰਪਤੀ ਨੇ ਕਿਹਾ ਕਿ ਭਾਰਤ ਪੂਰੇ ਆਤਮਵਿਸ਼ਵਾਸ ਨਾਲ ਅੱਗੇ ਵਧ ਰਿਹੈ, ਜੋ



ਅਰਥਚਾਰੇ ਦੀ ਮਜ਼ਬੂਤ ਸਿਹਤ ਤੋਂ ਆਉਂਦਾ ਤੇ ਝਲਕਦਾ ਹੈ। ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਦੇਸ਼ ਅਮ੍ਰਿਤ ਕਾਲ ਦੇ ਸ਼ੁਰੂਆਤੀ ਸਾਲਾਂ ਵਿੱਚ ਹੈ, ਜੋ ਇਕ ਦੌਰ 'ਚੋਂ ਦੂਜੇ ਵਿੱਚ ਤਬਦੀਲੀ ਦਾ ਸਮਾਂ ਹੈ। ਮੁਰਮੂ ਨੇ ਨਾਗਰਿਕਾਂ ਨੂੰ ਕਿਹਾ ਕਿ ਉਹ ਭਾਰਤ ਨੂੰ ਵਿਕਸਤ ਰਾਸ਼ਟਰ ਬਣਾਉਣ ਲਈ ਸੰਵਿਧਾਨ ਵਿਚ ਮਿਲੇ ਆਪਣੇ ਮੌਲਿਕ ਫ਼ਰਜ਼ਾਂ ਦੀ ਪੂਰੀ ਜ਼ਿੰਮੇਵਾਰੀ ਨਾਲ ਪਾਲਣਾ ਕਰਨ। ਰਾਸ਼ਟਰਪਤੀ ਨੇ ਕਿਹਾ ਕਿ ਸਾਨੂੰ ਨੌਜਵਾਨਾਂ ਦੇ ਰਾਹ ਵਿੱਚ ਆਉਂਦੇ ਅੜਿੱਕਿਆਂ ਨੂੰ ਹਟਾਉਣ ਹੋਵੇਗਾ ਤੇ ਉਨ੍ਹਾਂ ਨੂੰ ਆਪਣੀ ਪੂਰੀ ਸਮਰੱਥਾ ਦਿਖਾਉਣ ਦੇ ਮੌਕੇ ਦੇਣੇ ਹੋਣਗੇ। ਉਨ੍ਹਾਂ ਕਿਹਾ, "ਸਰਕਾਰ ਨੇ ਕਰੋਨਾ ਮਹਾਮਾਰੀ ਦੇ ਦਿਨਾਂ ਦੌਰਾਨ ਸਮਾਜ ਦੇ ਕਮਜ਼ੋਰ ਵਰਗਾਂ ਨੂੰ ਮੁਫ਼ਤ ਰਾਸ਼ਨ ਮੁਹੱਈਆ ਕਰਵਾਉਣ ਲਈ ਸਕੀਮਾਂ ਦਾ ਘੇਰਾ ਵਧਾਇਆ। ਇਹ ਉਪਰਾਲੇ ਕਮਜ਼ੋਰ ਵਰਗਾਂ ਨੂੰ ਸੰਕਟ ਵਿਚੋਂ ਬਾਹਰ ਕੱਢਣ ਲਈ ਮਗਰੋਂ ਵੀ ਜਾਰੀ ਹਨ।"

ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਕੌਮੀ ਸਿੱਖਿਆ ਨੀਤੀ ਨੇ ਡਿਜੀਟਲ ਵੰਡੀਆਂ ਨੂੰ ਪੂਰਨ ਲਈ ਲੋੜੀਂਦਾ ਧੱਕਾ ਦਿੱਤਾ ਤੇ ਸਹੂਲਤਾਂ ਤੋਂ ਵਾਂਝੇ ਵਿਦਿਆਰਥੀਆਂ ਦੇ ਫਾਇਦੇ ਲਈ ਇਕਸਾਰ ਸਿੱਖਿਆ ਢਾਂਚਾ ਸਿਰਜਿਆ। ਉਨ੍ਹਾਂ ਕਿਹਾ ਕਿ ਆਯੁਸ਼ਮਾਨ ਭਾਰਤ ਯੋਜਨਾ ਦੇ ਵਿਸਥਾਰ ਬੀਮਾ ਕਵਰ ਦਾ ਉਦੇਸ਼ ਸਾਰੇ ਲਾਭਪਾਤਰੀਆਂ ਨੂੰ ਇਸ ਹੇਠ ਲਿਆਉਣਾ ਅਤੇ ਗਰੀਬਾਂ ਅਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਇੱਕ ਵੱਡਾ ਭਰੋਸਾ ਪ੍ਰਦਾਨ ਕਰਨਾ ਹੈ।

# ਫੈਡਰਲ ਸਰਕਾਰ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ੇ ਦੋ ਸਾਲ ਲਈ ਸੀਮਤ ਕਰਨ ਦਾ ਐਲਾਨ

ਸਫ਼ਾ 1 ਦੀ ਬਾਕੀ

ਦੀ ਗਿਣਤੀ 'ਤੇ ਨਾਟਕੀ ਢੰਗ ਨਾਲ 50 ਫ਼ੀਸਦੀ ਦੀ ਕਟੌਤੀ ਲੱਗੇਗੀ। ਇਸ ਦਾ ਪ੍ਰਭਾਵ ਇਹ ਹੋਵੇਗਾ ਕਿ ਕਿਸੇ ਨਵੀਂ ਗਿਣਤੀ ਵਿਚ ਵਿਦੇਸ਼ੀ ਵਿਦਿਆਰਥੀ ਕੈਨੇਡਾ ਵਿਚ ਨਹੀਂ ਆਉਣਗੇ ਕਿਉਂਕਿ ਸਰਕਾਰ ਲਗਪਗ ਉਨੀ ਗਿਣਤੀ ਵਿਚ ਵਿਦਿਆਰਥੀਆਂ ਨੂੰ ਵੀਜ਼ਾ ਦੇਵੇਗੀ ਜਿੰਨੇ ਵਿਦਿਆਰਥੀਆਂ ਦੇ ਵੀਜ਼ੇ ਖਤਮ ਹੋਣਗੇ। ਇਕ ਪ੍ਰੈਸ ਰਿਲੀਜ਼ ਮੁਤਾਬਿਕ ਵਿਦੇਸ਼ੀ ਸਟੱਡੀ ਪਰਮਿਟ 'ਤੇ ਲਾਗੂ ਕੈਪ ਸਟੱਡੀ ਪਰਮਿਟ ਦੇ ਨਵੀਨੀਕਰਨ 'ਤੇ ਲਾਗੂ ਨਹੀਂ ਹੋਵੇਗੀ। ਇਸ ਤੋਂ ਇਲਾਵਾ ਕੈਪ ਕੇਵਲ ਡਿਪਲੋਮਾ ਅਤੇ ਅੰਡਰਗਰੈਜੂਏਟ ਪ੍ਰੋਗਰਾਮਾਂ 'ਤੇ ਲਾਗੂ ਹੋਵੇਗੀ ਜਿਸ ਦਾ ਮਤਲਬ ਮਾਸਟਰ ਜਾਂ ਪੀਐਚ ਡੀ ਕਰਨ ਵਾਲੇ ਲੋਕਾਂ 'ਤੇ ਕੈਪ ਲਾਗੂ ਨਹੀਂ ਹੋਵੇਗੀ। ਇਹ ਪਾਬੰਦੀਆਂ ਐਲੀਮੈਂਟਰੀ ਅਤੇ ਸੈਕੰਡਰੀ ਐਜੂਕੇਸ਼ਨ ਪਰਮਿਟਾਂ 'ਤੇ ਵੀ ਲਾਗੂ ਨਹੀਂ ਹੋਣਗੀਆਂ। ਮਿਲਰ ਨੇ ਦੱਸਿਆ ਕਿ ਹੁਣ ਉਨ੍ਹਾਂ ਪੋਸਟ ਸੈਕੰਡਰੀ ਸੰਸਥਾਵਾਂ ਨੂੰ ਖਤਮ ਕਰਨ ਦਾ ਕੰਮ ਸੂਬਿਆਂ 'ਤੇ ਨਿਰਭਰ ਕਰੇਗਾ ਜਿਹੜੇ ਉਨ੍ਹਾਂ ਦੇ ਖੇਤਰਾਂ ਵਿਚ ਸਿਸਟਮ ਦੀ ਦੁਰਵਰਤੋਂ ਕਰ ਰਹੇ ਹਨ। ਇਸ ਤੋਂ ਇਲਾਵਾ ਸਰਕਾਰੀ ਫੰਡ ਦੀ ਕਮੀ ਨੂੰ ਵੀ ਹੱਲ ਕਰਨਾ ਪਵੇਗਾ ਕਿਉਂਕਿ ਕੁਝ ਕਾਲਜ ਤੇ ਯੂਨੀਵਰਸਿਟੀ ਆਪਣੇ ਸਕੂਲਾਂ ਨੂੰ ਫੰਡ ਦੇਣ ਲਈ ਮੋਟੀ ਵਿਦੇਸ਼ੀ ਫੀਸ 'ਤੇ ਨਿਰਭਰ ਕਰਦੀਆਂ ਹਨ। ਮੰਤਰੀ ਮਿਲਰ ਨੇ ਕਿਹਾ ਕਿ ਇਹ ਗੱਲ ਸਵੀਕਾਰ ਨਹੀਂ ਕੀਤੀ ਜਾ ਸਕਦੀ ਕਿ ਕੁਝ ਨਿੱਜੀ ਸੰਸਥਾਵਾਂ ਸਰੋਤਾਂ ਦੀ ਘਾਟ ਵਾਲੇ ਕੈਂਪਸ ਨਾਲ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਲਾਭ ਲੈਣ। ਇਸ ਤਰ੍ਹਾਂ ਦੀਆਂ ਸੰਸਥਾਵਾਂ ਵਿਦਿਆਰਥੀਆਂ ਦੀ ਸਹਾਇਤਾ ਘੱਟ ਕਰਦੀਆਂ ਤੇ ਫੀਸ ਜ਼ਿਆਦਾ ਲੈਂਦੀਆਂ ਹਨ। ਮਿਲਰ ਨੇ ਇਹ ਵੀ ਐਲਾਨ ਕੀਤਾ ਕਿ ਸਤੰਬਰ ਮਹੀਨੇ ਤੋਂ ਜਿਹੜੇ ਵੀ ਅੰਤਰਰਾਸ਼ਟਰੀ ਵਿਦਿਆਰਥੀ ਸਰਕਾਰੀ-ਪ੍ਰਾਈਵੇਟ ਭਾਈਵਾਲੀ ਮਾਡਲ ਹੇਠ ਚਲਦੇ ਸਕੂਲਾਂ ਵਿਚ ਸਟੱਡੀ ਪ੍ਰੋਗਰਾਮ ਸ਼ੁਰੂ ਕਰਨਗੇ ਉਹ ਪੋਸਟ ਗਰੈਜੂਏਸ਼ਨ ਪਿੱਛੋਂ ਸਟੱਡੀ ਪਰਮਿਟ ਦੇ ਯੋਗ ਨਹੀਂ ਹੋਣਗੇ। ਇਕ ਅਕਤੂਬਰ 2023 ਤਕ ਕੈਨੇਡਾ ਦੀ ਆਬਾਦੀ 12 ਮਹੀਨੇ ਵਿਚ 1.25 ਮਿਲੀਅਨ ਜਾਂ 3.2 ਫ਼ੀਸਦੀ ਤੋਂ ਵੀ ਜ਼ਿਆਦਾ ਵਧੀ ਹੈ ਅਤੇ ਇਹ 1950 ਦੇ ਦਹਾਕੇ ਪਿੱਛੋਂ ਸਭ ਤੋਂ ਤੇਜ਼ ਵਾਧਾ ਹੈ। ਇਹ ਵਾਧਾ ਅੰਤਰਰਾਸ਼ਟਰੀ ਪ੍ਰਵਾਸ ਨਾਲ ਹੋਇਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਰਕਾਰ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਕੈਨੇਡਾ ਵਿਚ ਗਿਣਤੀ 2022 ਵਿਚ 8 ਲੱਖ ਤੋਂ ਪਾਰ ਹੋ ਗਈ। ਪਿਛਲੇ ਹਫ਼ਤੇ ਇਮੀਗ੍ਰੇਸ਼ਨ, ਰਿਫਊਜ਼ੀ ਅਤੇ ਸਿਟੀਜ਼ਨਸ਼ਿਪ ਕੈਨੇਡਾ ਨੇ ਦੀ ਗਲੋਬ ਐਂਡ ਮੇਲ ਨੂੰ ਦੱਸਿਆ ਕਿ ਦਸੰਬਰ ਦੇ ਅਖੀਰ ਤਕ ਕੈਨੇਡਾ ਵਿਚ 1,028,850 ਸਟੱਡੀ ਪਰਮਿਟ ਧਾਰਕ ਸਨ।

# ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ 10 ਲੱਖ ਤੋਂ ਟੱਪੀ

ਸਫ਼ਾ 1 ਦੀ ਬਾਕੀ

ਪਰਮਿਟ ਧਾਰਕਾਂ ਜਿਨ੍ਹਾਂ ਵਿਚ ਸਕੂਲ, ਕਾਲਜ ਤੇ ਯੂਨੀਵਰਸਿਟੀਆਂ ਦੇ ਵਿਦਿਆਰਥੀ ਸ਼ਾਮਿਲ ਹਨ ਵਿਚੋਂ 526015 ਓਨਟਾਰੀਓ, 202565 ਬ੍ਰਿਟਿਸ਼ ਕੋਲੰਬੀਆ ਅਤੇ 117925 ਕਿਊਬਕ ਵਿਚ ਪੜ੍ਹਦੇ ਹਨ। ਨੁਨਾਵਤ ਵਿਚ ਤਾਂ ਸਿਰਫ 10 ਅੰਤਰਰਾਸ਼ਟਰੀ ਵਿਦਿਆਰਥੀ ਹਨ ਜਦਕਿ ਸਸਕੈਚਵਨ ਵਿਚ 18695 ਅੰਤਰਰਾਸ਼ਟਰੀ ਵਿਦਿਆਰਥੀ ਹਨ।

# ਇਮੀਗ੍ਰੇਸ਼ਨ ਮੰਤਰੀ ਨੂੰ ਕਾਲਜਾਂ ਵਿਚ ਨਾ ਜਾਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ...

ਸਫ਼ਾ 1 ਦੀ ਬਾਕੀ

ਵਿਦਿਆਰਥੀਆਂ 'ਤੇ ਝਾਤ ਮਾਰੀ ਗਈ ਹੈ ਜਿਹੜੇ ਸਰਕਾਰ ਤੋਂ ਸਹਾਇਤਾ ਪ੍ਰਾਪਤ ਪੋਸਟ ਸੈਕੰਡਰੀ ਸਿੱਖਿਆ ਪ੍ਰੋਗਰਾਮਾਂ ਵਿਚ ਦਾਖਲ ਹੁੰਦੇ ਹਨ ਜਿਨ੍ਹਾਂ ਵਿਚ ਕੈਨੇਡਾ ਦੀਆਂ ਚੋਟੀ ਦੀਆਂ ਯੂਨੀਵਰਸਿਟੀਆਂ ਵੀ ਸ਼ਾਮਿਲ ਹਨ। ਬਹੁਤੇ ਸਟੱਡੀ ਪਰਮਿਟ ਧਾਰਕ ਉਨ੍ਹਾਂ ਦੇ ਟੈਕਸ ਰਿਕਾਰਡ ਵਿਚ ਨਿੱਜੀ ਕਾਲਜਾਂ ਵਿਚ ਪੜ੍ਹਦੇ ਪਾਏ ਗਏ ਪਰ ਰਿਪੋਰਟ ਵਿਚ ਪਾਇਆ ਗਿਆ ਕਿ 2019 ਤੋਂ 19 ਫ਼ੀਸਦੀ ਸਟੱਡੀ ਪਰਮਿਟ ਧਾਰਕਾਂ ਦੇ ਕੈਨੇਡੀਅਨ ਕਾਲਜਾਂ ਜਾਂ ਯੂਨੀਵਰਸਿਟੀਆਂ ਵਿਚ ਦਾਖਲ ਹੋਣ ਦਾ ਸਬੂਤ ਨਹੀਂ ਮਿਲਿਆ।



# ਮੈਨੂੰ ਚੋਣ ਬਿਗਲ ਵਜਾਉਣ ਦੀ ਲੋੜ ਨਹੀਂ-ਮੋਦੀ

## ਅਯੁੱਧਿਆ ਵਿਚ ਪ੍ਰਾਣ ਪ੍ਰਤਿਸ਼ਠਾ ਮਗਰੋਂ ਹੁਣ 'ਰਾਸ਼ਟਰ ਪ੍ਰਤਿਸ਼ਠਾ' ਨਵੇਂ ਮੁਕਾਮ 'ਤੇ ਲਿਜਾਣ ਦਾ ਦਾਅਵਾ

ਬੁਲੰਦਸ਼ਹਿਰ/ਰਿਵਾੜੀ-ਲੋਕ ਸਭਾ ਚੋਣਾਂ ਤੋਂ ਪਹਿਲਾਂ ਉੱਤਰ ਪ੍ਰਦੇਸ਼ 'ਚ ਕਈ ਪ੍ਰਾਜੈਕਟਾਂ ਦਾ ਆਗਾਜ਼ ਕਰਦਿਆਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਉਹ ਸਿਰਫ਼ ਵਿਕਾਸ ਦਾ ਬਿਗਲ ਵਜਾਉਂਦੇ ਹਨ ਜਦਕਿ ਬਾਕੀ ਕੰਮ ਲੋਕ ਕਰ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅਯੁੱਧਿਆ 'ਚ ਪ੍ਰਾਣ ਪ੍ਰਤਿਸ਼ਠਾ ਮੁਕੰਮਲ ਹੋ ਗਈ ਹੈ ਅਤੇ ਹੁਣ 'ਰਾਸ਼ਟਰ ਪ੍ਰਤਿਸ਼ਠਾ' ਨਵੇਂ ਮੁਕਾਮ 'ਤੇ ਲਿਜਾਣ ਦਾ ਸਮਾਂ ਹੈ। ਬੁਲੰਦਸ਼ਹਿਰ 'ਚ 19,100 ਕਰੋੜ ਦੀ ਲਾਗਤ ਨਾਲ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਣ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਜਦੋਂ ਸਰਕਾਰ ਯੋਜਨਾਵਾਂ ਦੇ ਸਾਰੇ ਲਾਭਪਾਤਰੀਆਂ ਕੋਲ ਪਹੁੰਚਦੀ ਹੈ ਤਾਂ ਫਿਰ ਵਿਤਕਰੇ ਅਤੇ ਭ੍ਰਿਸ਼ਟਾਚਾਰ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। 'ਇਹ ਅਸਲ ਧਰਮਨਿਰਪੱਖਤਾ ਅਤੇ ਸਮਾਜਿਕ ਨਿਆਂ ਹੈ। ਮੋਦੀ ਪੂਰੀ ਇਮਾਨਦਾਰੀ ਨਾਲ ਤੁਹਾਡੀ ਸੇਵਾ ਕਰ ਰਿਹਾ ਹੈ ਅਤੇ ਇਹੋ ਕਾਰਨ ਹੈ ਕਿ ਸਾਡੀ ਸਰਕਾਰ ਤਹਿਤ 25 ਕਰੋੜ ਲੋਕ ਗਰੀਬੀ ਤੋਂ ਬਾਹਰ ਆ ਗਏ ਹਨ ਅਤੇ ਜਿਹੜੇ ਬਚ ਗਏ ਹਨ, ਉਨ੍ਹਾਂ ਨੂੰ ਵੀ ਆਸ ਹੈ ਕਿ ਉਹ ਵੀ ਇਕ ਦਿਨ ਗਰੀਬੀ ਤੋਂ ਬਾਹਰ ਆਉਣਗੇ। ਤੁਸੀਂ ਮੇਰਾ ਪਰਿਵਾਰ ਹੋ, ਤੁਹਾਡਾ ਸੁਪਨਾ ਪੂਰਾ ਕਰਨਾ ਮੇਰਾ ਸੰਕਲਪ ਹੈ ਅਤੇ ਇਸ ਕਰਕੇ ਤੁਹਾਡੇ ਵਰਗੇ ਆਮ ਪਰਿਵਾਰ ਜਦੋਂ ਮਜ਼ਬੂਤ ਹੋਣਗੇ ਤਾਂ ਇਹੋ ਮੇਰੀ ਸੰਪਤੀ ਹੋਵੇਗੀ।' ਕਾਂਗਰਸ 'ਤੇ ਅਸਿੱਧੇ ਢੰਗ ਨਾਲ ਹਮਲਾ ਕਰਦਿਆਂ ਉਨ੍ਹਾਂ ਕਿਹਾ ਕਿ ਆਜ਼ਾਦੀ ਮਗਰੋਂ ਕਿਸੇ ਨੇ 'ਗਰੀਬੀ ਹਟਾਓ' ਦਾ ਨਾਅਰਾ ਦਿੱਤਾ ਸੀ ਅਤੇ ਕਿਸੇ ਨੇ ਸਮਾਜਿਕ ਨਿਆਂ ਬਾਰੇ ਝੂਠ ਬੋਲਣਾ ਜਾਰੀ ਰੱਖਿਆ ਸੀ ਪਰ ਦੇਸ਼ ਦੇ ਗਰੀਬ ਲੋਕਾਂ ਨੂੰ ਪਤਾ ਹੈ ਕਿ ਸਿਰਫ਼ ਕੁਝ ਪਰਿਵਾਰ ਹੀ ਅਮੀਰ ਹੋਏ ਅਤੇ ਉਨ੍ਹਾਂ ਦੀ ਸਿਆਸਤ ਚਮਕੀ। ਮੋਦੀ ਨੇ ਕਿਹਾ ਕਿ ਆਜ਼ਾਦੀ ਮਗਰੋਂ ਕਈ ਦਹਾਕਿਆਂ ਤੱਕ ਕੁਝ ਖ਼ਿੱਤਿਆਂ ਦਾ ਹੀ ਵਿਕਾਸ ਹੋਇਆ ਸੀ ਅਤੇ ਉੱਤਰ ਪ੍ਰਦੇਸ਼ ਨੂੰ ਅਣਗੌਲਿਆ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਾਜਪਾ ਦੀ ਡਬਲ ਇੰਜਣ ਸਰਕਾਰ ਨੇ ਯੂਪੀ ਦੇ ਵਿਕਾਸ ਦੀ ਰਫ਼ਤਾਰ ਤੇਜ਼ ਕੀਤੀ।



## ਮੇਰੀ ਸਰਕਾਰ ਨੇ ਦੇਸ਼ ਨੂੰ ਹਨੇਰੇ 'ਚੋਂ ਕੱਢਣ ਦਾ ਕੰਮ ਕੀਤਾ-ਮੋਦੀ

ਨਵੀਂ ਦਿੱਲੀ: ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਉਨ੍ਹਾਂ ਦੀ ਸਰਕਾਰ ਨੇ ਦੇਸ਼ ਨੂੰ ਹਨੇਰੇ ਵਿੱਚੋਂ ਬਾਹਰ ਲਿਆਉਣ ਦਾ ਕੰਮ ਕੀਤਾ ਹੈ, ਉਹ ਹਨੇਰਾ ਜਿਹੜਾ ਕਿ 10-12 ਸਾਲ ਪਹਿਲਾਂ ਨੌਜਵਾਨਾਂ ਦੇ ਭਵਿੱਖ 'ਤੇ ਮੰਡਰਾ ਰਿਹਾ ਸੀ। ਉਨ੍ਹਾਂ ਨੌਜਵਾਨ ਵੋਟਰਾਂ ਨੂੰ ਦੱਸਿਆ ਕਿ ਉਨ੍ਹਾਂ ਦੀਆਂ ਵੋਟਾਂ ਹੀ ਭਾਰਤ ਦੇ ਭਵਿੱਖ ਤੇ ਪਹੁੰਚ ਦਾ ਫੈਸਲਾ ਕਰਨਗੀਆਂ। ਭਾਜਪਾ ਦੇ ਯੂਥ ਵਿੰਗ ਵੱਲੋਂ ਵੋਟਰ ਦਿਵਸ ਸਬੰਧੀ ਕਰਵਾਏ ਗਏ ਸਮਾਰੋਹ ਦੌਰਾਨ ਨੌਜਵਾਨ ਵੋਟਰਾਂ ਨੂੰ ਵਰਚੁਅਲੀ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਅਗਲੇ 25 ਸਾਲਾਂ ਵਿੱਚ ਦੇਸ਼ ਨੂੰ ਵਿਕਸਤ ਬਣਾਉਣ ਦੀ ਜ਼ਿੰਮੇਵਾਰੀ ਨੌਜਵਾਨਾਂ ਦੀ ਹੈ ਜਿਵੇਂ ਕਿ ਆਜ਼ਾਦੀ ਤੋਂ 25 ਸਾਲ ਪਹਿਲਾਂ ਨੌਜਵਾਨ ਪੀੜ੍ਹੀ ਨੇ ਆਜ਼ਾਦੀ ਹਾਸਲ ਕਰਨ 'ਚ ਨਿਭਾਈ ਸੀ। ਵਿਰੋਧੀ ਪਾਰਟੀਆਂ 'ਤੇ ਤਨਜ਼ ਕੱਸਦਿਆਂ ਮੋਦੀ ਨੇ ਕਿਹਾ ਕਿ ਨੌਜਵਾਨ, ਭ੍ਰਿਸ਼ਟਾਚਾਰ ਤੇ ਪਰਿਵਾਰਵਾਦ ਦੇ ਖਿਲਾਫ ਹਨ। ਉਨ੍ਹਾਂ ਕਿਹਾ ਕਿ ਇਕ ਪਰਿਵਾਰ ਵੱਲੋਂ ਚਲਾਈਆਂ ਜਾਂਦੀਆਂ ਪਾਰਟੀਆਂ ਵਿੱਚ ਕਦੇ ਵੀ ਨੌਜਵਾਨਾਂ ਨੂੰ ਅੱਗੇ ਨਹੀਂ ਆਉਣ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ, "ਇਨ੍ਹਾਂ ਪਾਰਟੀਆਂ ਦੇ ਆਗੂਆਂ ਦੀ ਮਾਨਸਿਕਤਾ ਨੌਜਵਾਨ ਵਿਰੋਧੀ ਹੈ। ਤੁਹਾਨੂੰ ਆਪਣੀ ਵੋਟ ਦੀ ਤਾਕਤ ਨਾਲ ਇਨ੍ਹਾਂ ਪਰਿਵਾਰਵਾਦ ਵਾਲੀਆਂ ਪਾਰਟੀਆਂ ਨੂੰ ਹਰਾਉਣਾ ਹੋਵੇਗਾ।"

## ਚੀਨ 'ਚ ਇਮਾਰਤ 'ਚ ਅੱਗ ਲੱਗਣ ਕਾਰਨ 39 ਜਣਿਆਂ ਦੀ ਮੌਤ

ਪੇਈਚਿੰਗ-ਪੂਰਬੀ ਚੀਨ ਦੇ ਜਿਆਂਗਸ਼ੀ 'ਚ ਅੱਜ ਇੱਕ ਇਮਾਰਤ ਵਿੱਚ ਅੱਗ ਲੱਗਣ ਕਾਰਨ 39 ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਨੌਂ ਜਣੇ ਜ਼ਖ਼ਮੀ ਹੋ ਗਏ। ਇਮਾਰਤ ਵਿੱਚ ਅਜੇ ਵੀ ਕਈ ਜਣਿਆਂ ਦੇ ਫਸੇ ਹੋਣ ਦਾ ਖਦਸ਼ਾ ਹੈ। ਅਧਿਕਾਰੀਆਂ ਨੇ ਮੀਡੀਆ ਨੂੰ ਇਹ ਜਾਣਕਾਰੀ ਦਿੱਤੀ ਹੈ। ਸਰਕਾਰੀ ਸਮਾਚਾਰ ਏਜੰਸੀ ਸ਼ਿਨ ਹੁਆ ਨੇ ਸਥਾਨਕ ਫਾਇਰ ਬ੍ਰਿਗੇਡ ਦੇ ਦਫ਼ਤਰ ਦੇ ਹਵਾਲੇ ਨਾਲ ਦੱਸਿਆ ਕਿ ਸ਼ਿਨਯੂ ਸ਼ਹਿਰ ਵਿੱਚ ਇੱਕ ਦੁਕਾਨ 'ਚ ਅੱਗ ਲੱਗੀ ਜਿਸ ਨੇ ਭਿਆਨਕ ਰੂਪ ਲੈ ਲਿਆ। ਏਜੰਸੀ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਕਰੀਬ 39 ਲੋਕ ਮਾਰੇ ਗਏ ਜਦਕਿ ਨੌਂ ਜਣੇ ਗੰਭੀਰ ਜ਼ਖ਼ਮੀ ਹੋ ਗਏ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ ਵਿੱਚ ਇਮਾਰਤ ਤੋਂ ਸੰਘਣਾ ਧੂੰਆਂ ਨਿਕਲਦਾ ਦਿਖਾਈ ਦੇ ਰਿਹਾ ਹੈ।

## ਭਾਰਤ-ਅਮਰੀਕਾ ਸਬੰਧ ਹੋਰ ਗੂੜ੍ਹੇ ਹੋਏ-ਸੰਧੂ

ਵਾਸ਼ਿੰਗਟਨ: ਅਮਰੀਕਾ 'ਚ ਭਾਰਤ ਦੇ ਸਫ਼ੀਰ ਤਰਨਜੀਤ ਸਿੰਘ ਸੰਧੂ ਨੇ ਕਿਹਾ ਹੈ ਕਿ ਦੁਨੀਆ ਦੇ ਦੋ ਸਭ ਤੋਂ ਵੱਡੇ ਲੋਕਤੰਤਰਾਂ ਵਿਚਕਾਰ ਸਬੰਧ ਹੋਰ ਗੂੜ੍ਹੇ ਹੋਏ ਹਨ ਅਤੇ ਉਨ੍ਹਾਂ ਦਾ ਘੇਰਾ ਵਧਿਆ ਹੈ। ਸੰਧੂ 35 ਸਾਲ ਦੀ ਸੇਵਾ ਮਗਰੋਂ ਇਸ ਮਹੀਨੇ ਦੇ ਅਖੀਰ 'ਚ ਵਿਦੇਸ਼ ਸੇਵਾ ਤੋਂ ਮੁਕਤ ਹੋ ਰਹੇ ਹਨ। ਉਨ੍ਹਾਂ ਇਥੇ 'ਇੰਡੀਆ ਹਾਊਸ' 'ਚ ਆਪਣੇ ਸਨਮਾਨ 'ਚ ਰੱਖੇ ਵਿਦਾਇਗੀ ਸਮਾਗਮ ਦੌਰਾਨ ਵਿਚਾਰ ਪ੍ਰਗਟ ਕੀਤੇ। ਸੰਧੂ ਨੇ ਕਿਹਾ ਕਿ ਅਮਰੀਕਾ ਨਾਲ ਰਿਸ਼ਤਿਆਂ 'ਚ ਬਦਲਾਅ ਪਿਛਲੇ 10 ਸਾਲਾਂ 'ਚ ਦੇਖਣ ਨੂੰ ਮਿਲਿਆ ਹੈ। 'ਜਦੋਂ ਅਸੀਂ 1998 'ਚ ਪਰਮਾਣੂ ਪ੍ਰੀਖਣ ਕੀਤਾ ਸੀ ਤਾਂ ਭਾਰਤ 'ਤੇ ਪਾਬੰਦੀਆਂ ਲਾ ਦਿੱਤੀਆਂ ਗਈਆਂ ਸਨ। ਉਹ ਮੇਰਾ ਚੁਣੌਤੀਪੂਰਨ ਹਾਲਾਤ ਨਾਲ ਪਹਿਲਾ ਸਾਹਮਣਾ ਤੇ ਤਜਰਬਾ ਸੀ।' ਉਨ੍ਹਾਂ ਅਮਰੀਕਾ 'ਚ ਤਿੰਨ ਵਾਰ ਸੇਵਾਵਾਂ ਦਿੱਤੀਆਂ ਹਨ ਅਤੇ ਆਖਰੀ ਕਾਰਜਕਾਲ 'ਚ ਉਹ ਚਾਰ ਸਾਲ ਤੱਕ ਅਮਰੀਕਾ 'ਚ ਭਾਰਤ ਦੇ ਸਫ਼ੀਰ ਰਹੇ। ਸੰਧੂ ਨੇ ਕਿਹਾ ਕਿ ਅਮਰੀਕਾ 'ਚ ਭਾਰਤੀ ਸਫ਼ੀਰ ਵਜੋਂ ਉਨ੍ਹਾਂ 300 ਤੋਂ ਵਧ ਕਾਂਗਰਸ ਮੈਂਬਰਾਂ ਤੇ ਕਰੀਬ 75 ਸੈਨੇਟਰਾਂ ਨਾਲ ਮੁਲਾਕਾਤ ਕੀਤੀ।


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫ਼ੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RM TRIAL LAWYERS

MANDEEP RANDHAWA LAW CORPORATION

PERSONAL INJURY LAWYERS

T 604-449-7500 F 604-449-7501

mrandhawa@rmlawyers.ca www.randhawalaw.ca

200 – 6245 136th Street, Surrey, BC.



# ਆਈ.ਐਸ.ਯੂ. ਫਾਉਂਡੇਸ਼ਨ ਨੇ ਸਾਲਾਨਾ ਜਨਰਲ ਮੀਟਿੰਗ ਮੌਕੇ ਲੋਹੜੀ ਦਾ ਤਿਉਹਾਰ ਮਨਾਇਆ

ਸਰੀ (ਹਰਦਮ ਮਾਨ)-ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਫਾਉਂਡੇਸ਼ਨ ਵੱਲੋਂ ਬੀਤੇ ਦਿਨੀਂ ਆਪਣੀ ਸਾਲਾਨਾ ਜਨਰਲ ਮੀਟਿੰਗ ਮੌਕੇ ਲੋਹੜੀ ਦਾ ਤਿਉਹਾਰ ਬੜੇ ਉਤਸ਼ਾਹ ਨਾਲ ਮਨਾਇਆ ਗਿਆ ਜਿਸ ਵਿੱਚ ਸੈਂਕੜੇ ਅੰਤਰਰਾਸ਼ਟਰੀ ਵਿਦਿਆਰਥੀ ਸ਼ਾਮਿਲ ਹੋਏ। ਇੰਪਾਇਰ ਬੈਂਕੁਇਹਾਅਸਸਰੀ ਵਿਚ ਹੋਏ ਇਸ ਪ੍ਰੋਗਰਾਮ ਵਿੱਚ ਰਜਨੀਸ਼ ਕੌਰ, ਜੋਬਨਪ੍ਰੀਤ ਸਿੰਘ। ਲਵਪ੍ਰੀਤ ਕੌਰ, ਨਵਜੋਤ ਗਿੱਲ, ਜਸਵਿੰਦਰ ਚਾਹਲ ਅਤੇ ਸ਼ੇਹਨੂਰ ਰੰਧਾਵਾ ਨੇ ਵੱਖ-ਵੱਖ ਮਨੋਰੰਜਕ ਖੇਡਾਂ ਰਾਹੀਂ ਪ੍ਰੋਗਰਾਮ ਨੂੰ ਦਿਲਚਸਪ ਬਣਾਇਆ ਅਤੇ ਬਹੁਤ ਸਾਰੇ








ਵਿਦਿਆਰਥੀਆਂ ਦੀ ਇਨ੍ਹਾਂ ਖੇਡਾਂ ਵਿਚ ਸ਼ਮੂਲੀਅਤ ਕਰ ਕੇ ਪ੍ਰੋਗਰਾਮ ਦੀ ਖ਼ੂਬਸੂਰਤ ਨੂੰ ਮਾਣਿਆ। ਇਸ ਮੌਕੇ ਗੀਤ ਸੰਗੀਤ ਵੀ ਹੋਇਆ। ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਨੌਰਥ ਡੈਲਟਾ ਦੇ ਨੌਜਵਾਨ ਆਗੂ ਅੰਮ੍ਰਿਤ ਢੋਟ ਨੇ ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਫਾਉਂਡੇਸ਼ਨ ਦੇ ਸਾਰੇ ਅਹੁਦੇਦਾਰਾਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੱਤੀ ਅਤੇ ਫਾਊਂਡੇਸ਼ਨ ਵੱਲੋਂ ਕੀਤੀਆਂ ਜਾ ਰਹੀਆਂ ਸਰਗਰਮੀਆਂ ਦੀ ਭਰਵੀਂ ਪ੍ਰਸੰਸਾ ਕਰਦਿਆਂ ਉਹਨਾਂ ਕਿਹਾ ਕਿ ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਫਾਉਂਡੇਸ਼ਨ ਕਮਿਊਨਿਟੀ ਵਿੱਚ ਆਪਣਾ ਬਹੁਤ ਵਧੀਆ ਰੋਲ ਅਦਾ ਕਰ ਰਹੀ ਹੈ। ਉਹਨਾਂ ਆਪਣੇ ਵੱਲੋਂ ਇਸ ਫਾਊਂਡੇਸ਼ਨ ਨੂੰ ਪੂਰਨ ਸਹਿਯੋਗ ਦੇਣ ਦਾ ਵਾਅਦਾ ਕੀਤਾ। ਪਿਕਸ ਸੋਸਾਇਟੀ ਸਰੀ ਦੇ ਮਾਰਕੀਟਿੰਗ, ਕਮਿਊਨੀਕੇਸ਼ਨ ਅਤੇ ਫੰਡਰੇਜ਼ਿੰਗ ਅਫਸਰ ਫਲਕ ਬੇਤਾਬ ਨੇ ਵੀ ਅੰਤਰਰਾਸ਼ਟਰੀ ਸਟੂਡੈਂਟ ਯੂਨੀਅਨ ਫਾਉਂਡੇਸ਼ਨ ਦੇ ਪ੍ਰਧਾਨ ਜਸ਼ਨਪ੍ਰੀਤ ਸਿੰਘ ਅਤੇ ਸਾਰੇ ਅਹੁਦੇਦਾਰਾਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੱਤੀ ਅਤੇ ਪਿਕਸ ਵੱਲੋਂ ਪੂਰਨ ਸਹਿਯੋਗ ਦੇਣ ਦੀ ਗੱਲ ਕਹੀ। ਪੰਜਾਬੀ ਸ਼ਾਇਰ ਅਤੇ ਮੀਡੀਆ ਪਰਸਨ ਹਰਦਮ ਸਿੰਘ ਮਾਨ ਨੇ ਵੀ ਇੰਟਰਨੈਸ਼ਨਲ ਸਟੂਡੈਂਟ ਯੂਨੀਅਨ ਵੱਲੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਦੀ ਸਲਾਘਾ ਕੀਤੀ ਅਤੇ ਅਜਿਹੀਆਂ ਸਰਗਰਮੀਆਂ ਨੂੰ ਭਵਿੱਖ ਵਿਚ ਵੀ ਜਾਰੀ ਰੱਖਣ ਲਈ ਅਪੀਲ ਕੀਤੀ। ਪ੍ਰਾਈਮ ਏਸ਼ੀਆ ਟੀਵੀ ਦੇ ਹੋਸਟ ਜੋਗਰਾਜ ਸਿੰਘ ਕਾਹਲੋਂ ਨੇ ਵੀ ਸਾਰੇ ਵਿਦਆਰਥੀਆਂ ਨੂੰ ਲੋਹੜੀ ਦੇ ਤਿਓਹਾਰ ਦੀ ਵਧਾਈ ਦਿੱਤੀ। ਫਾਊਂਡੇਸ਼ਨ ਦੇ ਪ੍ਰਧਾਨ ਜਸ਼ਨਪ੍ਰੀਤ ਨੇ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਮੁੱਚੀ ਪ੍ਰਬੰਧਕੀ ਟੀਮ ਅਤੇ ਪ੍ਰੋਗਰਾਮ ਵਿੱਚ ਪਹੁੰਚੇ ਸਾਰੇ ਵਿਦਿਆਰਥੀਆਂ ਨੂੰ ਲੋਹੜੀ ਦੀ ਮੁਬਾਰਕਬਾਦ ਦਿੰਦੇ ਹੋਏ ਉਹਨਾਂ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ।





mortgages lab
ਕਿਸੇ ਵੀ ਤਰ੍ਹਾਂ ਦੀ ਮੌਰਗੇਜ
ਲੈਣ ਲਈ ਸੰਪਰਕ ਕਰੋ
Rate hold from 6 months to 1 year
Get Preapproval In 2 Hours
• ਪਹਿਲੀ ਵਾਰ ਘਰ ਖਰੀਦੋ ਦੇ 5% down purchase ਨਾਲ
• ਖਰੀਦਣਾ, ਰਿਫਾਇਨਾਂਸ ਅਤੇ ਸਵਿੱਚ
• ਰੈਜ਼ੀਡੈਂਸ਼ਿਅਲ, ਕਮਰਸ਼ਿਅਲ ਅਤੇ ਲੈਂਡ ਮੌਰਗੇਜ
HARPREET SINGH
Mortgage Broker
Ph: 778.558.9745
harpreetfunding@gmail.com
@harpreetfunding
@HARPREETFUNDING
Licensed professional mortgage broker


TRANSource
FREIGHTWAYS
ਕੰਮ ਲਈ Drivers and
Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ
ਅਲਬਰਟਾ ਤੋਂ ਬੀ ਸੀ
ਟਰਾਂਸ ਸੋਰਸ ਨਾਲ ਸਾਰਾ ਦਿਨ ਕੰਮ
ਕਰਕੇ ਤੁਸੀਂ ਸ਼ਾਮ ਨੂੰ ਆਪਣੇ ਪਰਿਵਾਰ
ਅਤੇ ਬਚਿਆਂ ਨਾਲ ਕੀਮਤੀ
ਸਮਾਂ ਬਿਤਾ ਸਕਦੇ ਹੋ।
BC - ALBERTA
ALBERTA - BC
Fuel and Insurance Paid
by Company
NO DEDUCTIONS!!
ਸਾਡੀ ਕੰਪਨੀ
ਓਨਰ ਓਪਰੇਟਰਾਂ ਨੂੰ
ਲੋਕਲ ਅਤੇ ਹਾਈਵੇਅ ਰੂਟਾਂ
ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸੋਮਵਾਰ ਤੋਂ ਸ਼ੁੱਕਰਵਾਰ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ
ਸ਼ਨੀਵਾਰ: 604-808-9805
Email:safety@transourcefreightways.com


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786


THANK YOU FOR MAKING US
2022
Outstanding Achievement
National
TOP 20%
PRIVATE
MORTGAGES
No Worries... We Can Help!
Easily available Private Mortgage could be just what you need.
★ Up to $5 million available
★ $10,000 to $1 million in just 24 Hours
★ Residential Mortgages
★ Commercial Mortgages
★ Construction Mortgages
★ New Immigrants
★ Second Mortgages
★ First Time Home Buyers
invis
Canada's Mortgage Experts™
MORTGAGE INTELLIGENCE®
Call today to get started
SANJEEV KATYAL
604.767.5194
info@katyalmortgage.ca
WWW.KATYALMORTGAGE.CA





# ਆਪ ਆਗੂ ਹਿੰਮਤ ਸਿੰਘ ਸ਼ੇਰਗਿੱਲ ਨੇ ਬਰੈਂਪਟਨ ਵਿਚ ਲਈਆਂ ਲਾਵਾਂ

## ਸ਼ੇਰਗਿੱਲ ਦੇ ਵਿਆਹ ਤੇ ਲੱਗੀਆਂ ਰੌਣਕਾਂ-ਪੰਜਾਬ ਤੋਂ ਕੈਬਨਿਟ ਮੰਤਰੀ ਤੇ ਹੋਰ ਆਗੂ ਵਿਸ਼ੇਸ਼ ਤੌਰ 'ਤੇ ਪੁੱਜੇ

ਬਰੈਂਪਟਨ-ਬੀਤੇ ਸ਼ਨੀਵਾਰ 20 ਜਨਵਰੀ ਨੂੰ ਆਮ ਆਦਮੀ ਪਾਰਟੀ ਦੇ ਆਗੂ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਦਾ ਸ਼ੁਭ ਵਿਆਹ ਇਥੇ ਬਰੈਂਪਟਨ ਦੇ ਗੁਰੂ ਘਰ ਨਾਨਕ ਸਰ ਠਾਠ ਈਸ਼ਰ ਦਰਬਾਰ ਵਿਖੇ ਬੀਬੀ ਸੁਖਮਨ ਸੇਖੋਂ ਸਪੁੱਤਰੀ ਸ ਹਰਿੰਦਰਜੀਤ ਸਿੰਘ ਸੇਖੋ ਅਤੇ ਸਰਦਾਰਨੀ ਕੁਲਜਿੰਦਰ ਕੌਰ ਸੇਖੋਂ ਨਾਲ ਨਾਲ ਪੂਰਨ ਗੁਰਮਰਿਯਾਦਾ ਅਨੁਸਾਰ ਹੋਇਆ। ਨਵ ਵਿਆਹੀ ਜੋੜੀ ਨੂੰ ਅਸ਼ੀਰਵਾਦ ਦੇਣ ਵਾਲਿਆਂ ਵਿੱਚ ਸਪੀਕਰ ਪੰਜਾਬ ਵਿਧਾਨ ਸਭਾ ਸ ਕੁਲਤਾਰ ਸਿੰਘ ਸੰਧਵਾਂ, ਕੈਬਨਿੱਟ ਮੰਤਰੀ ਸ ਹਰਭਜਨ ਸਿੰਘ ਈਟੀਓ, ਕੈਬਨਿਟ ਮੰਤਰੀ ਸ ਹਰਜੋਤ ਸਿੰਘ ਬੈਂਸ,ਵਿਧਾਇਕ ਅਮਰਜੀਤ ਸਿੰਘ ਸੰਦੋਆ , ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦੇ ਭਰਾ ਸ ਹਰਮੀਤ ਸਿੰਘ ਖੁੱਡੀਆਂ , ਪਾਲ ਮਾਨ ਅਤੇ ਆਪ ਵਲੰਟੀਅਰ ਕਮਲਜੀਤ ਸਿੱਧੂ , ਸੁਦੀਪ ਸਿੰਗਲਾ ਸਮੇਤ ਕਈ ਹੋਰ ਪਤਵੰਤੇ ਹਾਜ਼ਰ ਸਨ। ਮਨਿਸਟਰ ਹਰਜੋਤ ਸਿੰਘ ਬੈਂਸ ਨੇ ਸੁਭਾਗੀ ਜੋੜੀ ਨੂੰ ਵਿਆਹ ਦੀ ਵਧਾਈ ਦਿੰਦਿਆਂ ਵਿਸ਼ੇਸ਼ ਤੌਰ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਭੇਜਿਆ ਵਧਾਈ ਸੰਦੇਸ਼ ਪੜਿਆ । ਸਪੀਕਰ ਸੰਧਵਾਂ ਅਤੇ ਹਰਭਜਨ ਸਿੰਘ ਈਟੀਓ ਨੇ ਵੀ ਵਧਾਈ ਦੇ ਨਾਲ ਨਾਲ ਸ਼ੇਰਗਿੱਲ ਨਾਲ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਕੈਬਨਿਟ ਮਨਿਸਟਰ ਗੁਰਮੀਤ ਸਿੰਘ ਖੁੱਡੀਆ ਨੇ ਆਪਣਾ ਵੀਡੀਓ ਸੰਦੇਸ਼ ਭੇਜਿਆ । ਇਸ ਉਪਰੰਤ ਰਿਸੈਪਸ਼ਨ ਪਾਰਟੀ ਕੈਨੇਡੀਅਨ ਕਨਵੈਨਸ਼ਨ ਸੈਂਟਰ ਬਰੈਂਪਟਨ ਵਿੱਚ ਰੱਖੀ ਗਈ। ਰਿਸੈਪਸ਼ਨ ਪਾਰਟੀ ਵਿੱਚ ਵੱਡੀ ਗਿਣਤੀ ਵਿੱਚ ਉੱਘੀਆਂ ਸ਼ਖਸੀਅਤਾਂ ਸ਼ਾਮਲ ਹੋਈਆਂ, ਜਿਨ੍ਹਾਂ ਵਿੱਚ ਉਂਟਾਰੀਓ ਦੇ ਮੰਤਰੀ ਪ੍ਰਭਮੀਤ ਸਿੰਘ ਸਰਕਾਰੀਆ, ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ,ਪੱਤਰਕਾਰ ਨਿਤਿਨ ਚੋਪੜਾ, ਮਨਨ ਗੁੱਪਤਾ,ਵਿਕਰਮ ਚੌਧਰੀ,ਹਰਜੀਤ ਬਾਜਵਾ, ਦੀਪਕ ਪੁੰਜ, ਜਗਸੀਰ ਸ਼ਰਮਾ, ਪੰਜਾਬੀ ਪਰਵਾਸੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਦੇ ਡਾ ਪਰਮਜੀਤ ਸਿੰਘ ਢਿੱਲੋ , ਪ੍ਰੋ ਜਗੀਰ ਸਿੰਘ ਕਾਹਲੋਂ, ਸ ਹਰੀ ਸਿੰਘ ਅਤੇ ਪ੍ਰਿਤਪਾਲ ਸਿੰਘ ਸਚਦੇਵਾ, ਸਰਬਜੀਤ ਕੌਰ ਕਾਹਲੋਂ , ਟਰਾਂਸਪੋਰਟਰ ਬਿਪਲਵਜੀਤ ਸਿੰਘ, ਅਵਤਾਰ ਸਿੰਘ ਬਰਾੜ ਅਤੇ ਪ੍ਰੋ ਪੀਡੀ ਸਿੰਗਲਾ ਸਮੇਤ ਮਾਲਵਿੰਦਰ ਸਿੰਘ ਸਿੱਧੂ, ਨਵਰੀਤ ਕੌਰ ਸਿੱਧੂ ਸ਼ਾਮਲ ਸਨ। ਪੰਜਾਬੀ ਦੀ ਪ੍ਰਸਿੱਧ ਕਲਾਕਾਰ ਸਤਿੰਦਰ ਸੱਤੀ ਵੀ ਹਾਜ਼ਰ ਸੀ। ਵਿਆਹ ਸਮਾਗਮ ਉਪਰੰਤ ਮਨਿਸਟਰ ਹਰਭਜਨ ਸਿੰਘ ਈਟੀਓ ਨੇ ਵਿਸ਼ੇਸ਼ ਤੌਰ ਤੇ ਆਪ ਟੋਰਾਂਟੋ ਦੀ ਟੀਮ ਨਾਲ ਇੱਕ ਮੀਟਿੰਗ ਵੀ ਕੀਤੀ ,ਜਿਸ ਵਿੱਚ ਪੰਜਾਬ ਦੇ ਸਿੱਖਿਆ ਤੇ ਸਿਹਤ ਖੇਤਰ ਵਿੱਚ ਐਨ ਆਰ ਆਈਜ਼ ਦੇ ਯੋਗਦਾਨ ਬਾਰੇ ਚਰਚਾ ਕੀਤੀ। ਮੰਤਰੀ ਸਾਹਬ ਦੇ ਨਾਲ ਕਾਮਰੇਡ ਹਰਭਜਨ ਸਿੰਘ ,ਜਰਨੈਲ ਸਿੰਘ ਮੰਡ ,ਕਰਮਬੀਰ ਸਿੰਘ ਰੰਧਾਵਾ ਰਾਜਪ੍ਰੀਤ ਸਿੰਘ ਹੁੰਦਲ਼ ਨਰਿੰਦਰ ਸਿੰਘ ਅਤੇ ਟੋਰਾਂਟੋ ਤੋ ਆਪ ਆਗੂ ਕਮਲਜੀਤ ਸਿੰਘ ਸਿੱਧੂ ਸੋਹਣ ਸਿੰਘ ਢੀਡਸਾ. ਰੁਪਿੰਦਰ ਗਰੇਵਾਲ਼, ਕਮਲਜੀਤ ਮਿਨਹਾਸ, ਹਰਜਿੰਦਰ ਸਿੰਘ ਪਾਲ ਰੰਧਾਵਾ ਆਦਿ ਹਾਜ਼ਰ ਸਨ ।







# ਗਰਭ ਧਾਰਨ ਤੋਂ ਲੈ ਕੇ ਬੱਚੇ ਦੇ ਜਨਮ ਤੱਕ ਦਾ ਸ.ਫਰ

**ਮਾਂ ਬਣਨ ਵੇਲੇ ਹਰ ਔਰਤ ਦਾ ਇਕ ਤਰਾਂ ਨਾਲ ਦੂਜਾ ਜਨਮ ਹੀ ਹੁੰਦਾ ਹੈ। ਜੰਮਣ ਪੀੜ੍ਹਾਂ ਵੇਲੇ ਵੀ ਹਰ ਔਰਤ ਦੇ ਚਿਹਰੇ ਉਪਰ ਇਕ ਖੁਸ਼ੀ ਭਰੀ ਲਾਲੀ ਹੁੰਦੀ ਹੈ, ਕਿਉਂਕਿ ਇਸ ਦਰਦ ਨੂੰ ਸਹਿ ਕੇ ਹੀ ਉਹ ਮਾਂ ਬਣਨ ਦੀ ਹੱਕਦਾਰ ਹੋ ਜਾਂਦੀ ਹੈ। ਵਿਆਹ ਤੋਂ ਬਾਅਦ ਹਰ ਔਰਤ ਦੇ ਹੀ ਗਰਭ ਧਾਰਨ ਤੋਂ ਲੈ ਕੇ ਬੱਚਾ ਹੋਣ ਤਕ ਦਾ ਸਫਰ ਜਿਥੇ ਖੁਸ਼ੀਆਂ ਭਰਿਆ ਹੁੰਦਾ ਹੈ, ਉਥੇ ਇਹ ਸਫਰ ਜੋਖਮ ਭਰਿਆ ਵੀ ਹੁੰਦਾ ਹੈ। ਹਰ ਗਰਭਵਤੀ ਮਹਿਲਾ ਨੂੰ ਇਸ ਸ.ਫਰ ਦੌਰਾਨ ਅਨੇਕਾਂ ਹੀ ਸਾਵਧਾਨੀਆਂ ਰੱਖਣੀਆਂ ਪੈਂਦੀਆਂ ਹਨ। ਸਭ ਤੋਂ ਪਹਿਲਾਂ ਇਹ ਜਾਣਨਾ ਜਰੂਰੀ ਹੈ ਕਿ ਗਰਭ ਧਾਰਨ ਜਾਂ ਗਰਭ ਅਵਸਥਾ ਕੀ ਹੁੰਦੀ ਹੈ...**



ਜਲਦੀ ਗਰਭਧਾਰਨ ਲਈ ਪਤੀ ਪਤਨੀ ਨੂੰ ਕੁਝ ਦਿਨਾਂ ਲਈ ਇਕਾਂਤ ਵਿਚ ਰਹਿਣਾ ਚਾਹੀਦਾ ਹੈ, ਇਸ ਲਈ ਉਹਨਾਂ ਨੂੰ ਕਿਸੇ ਹਿਲ ਸਟੇਸ਼ਨ ਉਪਰ ਘੁੰਮਣ ਫਿਰਨ ਚਲੇ ਜਾਣਾ ਚਾਹੀਦਾ ਹੈ। ਇਸ ਤਰਾਂ ਪਤੀ ਪਤਨੀ ਨੂੰ ਇਕ ਦੂਜੇ ਲਈ ਖੁੱਲਾ ਸਮਾਂ ਵੀ ਮਿਲ ਜਾਵੇਗਾ ਅਤੇ ਉਹਨਾਂ ਨੂੰ ਸੈਰ ਦੇ ਨਾਲ ਹੀ ਆਰਾਮ ਵੀ ਮਿਲ ਜਾਵੇਗਾ। ਇਸ ਤਰ੍ਹਾਂ ਮੌਜ ਮਸਤੀ ਵਿਚ ਹੀ ਔਰਤਾਂ ਗਰਭ ਧਾਰਨ ਕਰ ਸਕਦੀਆਂ ਹਨ। ਜਲਦੀ ਗਰਭ ਧਾਰਨ ਲਈ ਪਤੀ ਪਤਨੀ ਦੋਵਾਂ ਨੂੰ ਹੀ ਰੋਮਾਂਟਿਕ ਹੋਣਾ ਚਾਹਿਦਾ ਹੈ ਅਤੇ ਇਕ ਦੂਜੇ ਵਿਚ ਡੁੱਬ ਜਾਣਾ ਚਾਹੀਦਾ ਹੈ। ਜਲਦੀ ਗਰਭ ਧਾਰਨ ਲਈ ਹਰ ਦੂਜੇ ਜਾਂ ਤੀਜੇ ਦਿਨ ਜਿਨਸੀ ਸਬੰਧ ਬਣਾਉਣੇ ਚਾਹੀਦੇ ਹਨ। ਨਵੇਂ ਵਿਆਹੇ ਜੋੜੇ ਹਰ ਦਿਨ ਵੀ ਜਿਨਸੀ ਸਬੰਧ ਬਣਾ ਸਕਦੇ ਹਨ। ਇਸ ਤੋਂ ਇਲਾਵਾ ਡਾਕਟਰ ਦੀ ਸਲਾਹ ਨਾਲ ਕੁਝ ਵਿਸ਼ੇਸ਼ ਦਿਨਾਂ ਵਿਚ ਵੀ ਜਿਨਸੀ ਸਬੰਧ ਜਰੂਰ ਬਣਾਉਣੇ ਚਾਹੀਦੇ ਹਨ, ਉਹਨਾਂ ਦਿਨਾਂ ਵਿਚ ਗਰਭਵਤੀ ਹੋਣ ਦੇ ਬਹੁਤ ਚਾਂਸ ਹੁੰਦੇ ਹਨ।

ਪੀਰੀਅਡ ਸ਼ੁਰੂ ਹੋਣ ਤੋਂ ਪਹਿਲਾਂ ਦਿਨ ਗਿਣ ਕੇ 12ਵੇਂ ਦਿਨ ਤੋਂ ਲੈ ਕੇ 18ਵੇਂ ਦੌਰਾਨ ਜਿਨਸੀ ਸਬੰਧ ਬਣਾਉਣ ਨਾਲ ਗਰਭਵਤੀ ਹੋਣ ਦੀ ਸੰਭਾਵਨਾ ਬਹੁਤ ਵੱਧ ਜਾਂਦੀ ਹੈ। ਇਹ ਵੀ ਕਿਹਾ ਜਾਂਦਾ ਹੈ। ਕਿ ਪੀਰੀਅਡ ਬੰਦ ਹੋਣ ਤੋਂ ਬਾਅਦ 6ਵੇਂ ਦਿਨ ਤੋਂ ਲੈ ਕੇ 12ਵੇਂ ਦਿਨ ਤੱਕ ਗਰਭਵਤੀ ਹੋਣ ਦੀ ਸੰਭਾਵਨਾ ਬਹੁਤ ਹੁੰਦੀ ਹੈ। ਗਰਭਵਤੀ ਹੋਣ ਲਈ ਸਵੇਰ ਦੇ ਸਮੇਂ ਜਿਨਸੀ ਸਬੰਧ ਬਣਾਉਣੇ ਬਹੁਤ ਲਾਭਦਾਇਿਖ ਹਨ, ਕਿਉਂਕਿ ਇਸ ਸਮੇਂ ਪਤੀ ਪਤਨੀ ਦੋਵੇਂ ਹੀ ਫਰੈਸ਼ ਤੇ ਤਰੋਤਾਜਾ ਹੁੰਦੇ ਹਨ। ਮਰਦਾਂ ਨੂੰ ਚਾਹੀਦਾ ਹੈ ਕਿ ਉਹ ਜਿਨਸੀ ਸਬੰਧ ਬਣਾਉਣ ਤੋਂ ਪਹਿਲਾਂ ਮਹਿਲਾਵਾਂ ਨੂੰ ਵੀ ਪੂਰੀ ਤਰਾਂ ਤਿਆਰ ਕਰ ਲੈਣ ਤੋਂ ਕਾਹਲੀ ਨਾ ਕਰਨ।

**ਗਰਭਵਤੀ ਮਹਿਲਾ ਦੀ ਦੇਖਭਾਲ ਲਈ ਵਿਸ਼ੇਸ਼ ਸਾਵਧਾਨੀਆਂ:**

- ਹਰ ਗਰਭਵਤੀ ਮਹਿਲਾ ਨੂੰ ਆਪਣੀ ਦੇਖਭਾਲ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣ ਦੀ ਲੋੜ ਰਹਿੰਦੀ ਹੈ। ਅਸਲ ਵਿਚ ਗਰਭ ਅਵਸਥਾ ਨੂੰ ਤਿੰਨ ਤਿਮਾਹੀਆ ਵਿਚ ਵੀ ਵੰਡਿਆ ਜਾਂਦਾ ਹੈ। ਪਹਿਲੇ ਹਫਤੇ ਤੋਂ ਲੈ ਕੇ 12ਵੇਂ ਹਫਤੇ ਤੱਕ ਦੇ ਸਮੇਂ ਨੂੰ ਪਹਿਲੀ ਤਿਮਾਹੀ ਕਿਹਾ ਜਾਂਦਾ ਹੈ। ਇਸ ਤਰਾਂ 13ਵੇਂ ਹਫਤੇ ਤੋਂ ਲੈ ਕੇ 28ਵੇਂ ਹਫਤੇ ਤੱਕ ਦੇ ਸਮੇਂ ਨੂੰ ਦੂਜੀ ਤਿਮਾਹੀ ਕਿਹਾ ਜਾਂਦਾ ਹੈ। 29ਵੇਂ ਹਫਤੇ ਤੋ ਲੈ ਕੇ 40ਵੇਂ ਹਫਤੇ ਤੱਕ ਦੇ ਸਮੇਂ ਨੂੰ ਤੀਜੀ ਤਿਮਾਹੀ ਕਿਹਾ ਜਾਂਦਾ ਹੈ। ਹਰ ਗਰਭਵਤੀ ਔਰਤ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਜਰੂਰੀ ਹੈ ਕਿ ਪਿਹਲੀ ਤਿਮਾਹੀ ਦੇ ਸਮੇਂ ਦੌਰਾਨ ਹੀ ਗਰਭਪਾਤ ਹੋਣ ਦਾ ਖਤਰਾ ਸਭ ਤੋਂ ਜਿਆਦਾ ਹੁੰਦਾ ਹੈ, ਇਸ ਲਈ ਇਸ ਸਮੇਂ ਦੌਰਾਨ ਗਰਭਵਤੀ ਔਰਤ ਨੂੰ ਵਿਸ਼ੇਸ਼ ਧਿਆਨ ਰਖਣਾ ਚਾਹੀਦਾ ਹੈ। ਦੂਜੀ ਤਿਮਾਹੀ ਦੇ ਸਮੇਂ ਦੌਰਾਨ ਪੇਟ ਵਿਚ ਭਰੂਣ ਦੀ ਹਰਕਤ ਮਹਿਸੂਸ ਹੋਣੀ ਸ਼ੁਰੂ ਹੋ ਜਾਂਦੀ ਹੈ। ਤੀਜੀ ਤਿਮਾਹੀ ਦੌਰਾਨ ਬੱਚਾ ਆਪਣਾ ਪੂਰਾ ਆਕਾਰ ਲੈ ਲੈਂਦਾ ਹੈ। ਇਸ ਕਰਕੇ ਹਰ ਗਰਭਵਤੀ ਮਹਿਲਾ ਨੂੰ ਗਰਭ ਅਵਸਥਾ ਦੀ ਪਹਿਲੀ ਤਿਮਾਹੀ ਤਾਂ ਬੋਚ ਬੋਚ ਕੇ ਕਦਮ ਰਖਕੇ ਤੁਰਨਾ ਚਾਹੀਦਾ ਹੈ।
- ਹਰ ਗਰਭਵਤੀ ਮਹਿਲਾ ਨੂੰ ਫੈਲਿਕ ਐਸਿਡ ਦੀ ਲੋੜੀਦੀ ਵਰਤੋਂ ਕਰਨੀ ਚਾਹੀਦੀ ਹੈ। ਇਹ ਐਸਿਡ ਹਰੀਆਂ ਪੱਤੀਆਂ ਵਿਚ ਪਾਇਆ ਜਾਂਦਾ ਹੈ। ਬੱਚੇ ਦੇ ਜਨਮ ਸਮੇਂ ਇਸ ਐਸਿਡ ਦਾ ਕਾਫੀ ਲਾਭ ਹੁੰਦਾ ਹੈ। ਅਸਲ ਵਿਚ ਹਰੀਆਂ ਸਬਜੀਆਂ, ਖਰਬੂਜਾ, ਲੌਕੀ, ਕੱਦੂ, ਪਾਲਕ, ਮੇਥੀ, ਸਾਗ ਅਤੇ ਮੂੰਗਫਲੀ ਵਿਚ ਫੋਲਿਕ ਐਸਿਡ ਭਰਪੂਰ ਮਾਤਰਾ ਵਿਚ ਹੁੰਦਾ ਹੈ।
- ਗਰਭਵਤੀ ਮਹਿਲਾ ਨੂੰ ਲੰਬੀ ਯਾਤਰਾ ਨਹੀਂ ਕਰਨੀ ਚਾਹੀਦੀ। ਇਸ ਤੋਂ ਇਲਾਵਾ ਉਸ ਨੂੰ ਦੋ ਪਹੀਆ ਵਾਹਨਾਂ ਦੀ ਸਵਾਰੀ ਕਰਨ ਤੋਂ ਵੀ ਪਰਹੇਜ ਕਰਨਾ ਚਾਹੀਦਾ ਹੈ।
- ਗਰਭਵਤੀ ਮਹਿਲਾ ਨੂੰ ਸ਼ਰਾਬ, ਬੀੜੀ ਸਿਗਰਟ ਦੀ ਵਰਤੋਂ ਨਹੀਂ ਕਰਨੀ ਚਾਹੀਦੀ।
- ਗਰਭਵਤੀ ਮਹਿਲਾ ਨੂੰ ਕੋਲਡ ਡਰਿੰਕ ਵੀ ਸਾਵਧਾਨੀ ਨਾਲ ਅਤੇ ਘੱਟ ਮਾਤਰਾ ਵਿਚ ਹੀ ਪੀਣੇ ਚਾਹੀਦੇ ਹਨ।
- ਗਰਭਵਤੀ ਮਹਿਲਾ ਨੂੰ ਵੱਖ-ਵੱਖ ਤਰਾਂ ਦੇ ਫਲ ਜਰੂਰ ਖਾਣੇ ਚਾਹੀਦੇ ਹਨ ਪਰ ਇਹ ਫਲ ਨਾ ਤਾਂ ਕੱਚੇ ਹੋਣ ਅਤੇ ਨਾ ਹੀ ਜਿਆਦਾ ਪੱਕੇ ਹੋਣ। ਇਹਨਾਂ ਫਲਾਂ ਨੂੰ ਖਾਣ ਤੋਂ ਪਹਿਲਾਂ ਚੰਗੀ ਤਰਾਂ ਧੋ ਲੈਣਾ ਚਾਹੀਦਾ ਹੈ।
- ਗਰਭਵਤੀ ਮਹਿਲਾ ਨੂੰ ਅੰਡਾ ਖਾਣਾ ਕਾਫੀ ਲਾਹੇਬੰਦ ਰਹਿੰਦਾ ਹੈ, ਜਿਹੜੀਆਂ ਔਰਤਾਂ ਅੰਡਾ ਨਾ ਖਾਂਦੀਆਂ ਹੋਣ ਉਹਨਾਂ ਨੂੰ ਆਪਣੇ ਖਾਣੇ ਵਿਚ ਪਨੀਰ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ।
- ਗਰਭਵਤੀ ਔਰਤ ਨੂੰ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥ ਖਾਣੇ ਚਾਹੀਦੇ ਹਨ।
- ਗਰਭਵਤੀ ਔਰਤ ਨੂੰ ਆਪਣੇ ਲੱਗਣ ਵਾਲੇ ਜਰੂਰ ਟੀਕਿਆਂ ਦਾ ਵੀ ਧਿਆਨ ਰਖਣਾ ਚਾਹੀਦਾ ਹੈ ਜਰੂਰੀ ਟੀਕੇ ਸਮੇਂ ਸਿਰ ਹੀ ਲਗਾਉਣੇ ਚਾਹੀਦੇ ਹਨ।
- ਗਰਭਵਤੀ ਮਹਿਲਾ ਨੂੰ ਸਮੋਸੇ ਟਿੱਕੀਆਂ, ਪਾਵ ਭਾਜੀ ਨਿਊਡਲ ਤੋਂ ਪਰਹੇਜ ਹੀ ਕਰਨਾ ਚਾਹੀਦਾ ਹੈ।
- ਗਰਭਵਤੀ ਮਹਿਲਾ ਨੂੰ ਸਤੁਲਿਤ ਭੋਜਨ ਹੀ ਕਰਨਾ ਚਾਹੀਦਾ ਹੈ। ਖਾਣੇ ਵਿਚ ਦਾਲਾਂ ਤੇ ਹਰੀਆਂ ਸਬਜ਼ੀਆਂ ਦੀ ਵਧੇਰੇ ਵਰਤੋਂ ਕਰਨੀ ਚਾਹੀਦੀ ਹੈ। ਸਹੀ ਭੋਜਨ ਬੱਚੇ ਦੇ ਵਿਕਾਸ ਵਿਚ ਬਹੁਤ ਸਹਾਈ ਸਿੱਧ ਹੁੰਦਾ ਹੈ।
- ਗਰਭਵਤੀ ਮਹਿਲਾ ਨੂੰ ਹਰ ਚੀਜ ਖਾਣ ਵੇਲੇ ਹੀ ਇਹ ਗੱਲ ਯਾਦ ਰਖਣੀ ਚਾਹੀਦੀ ਹੈ ਕਿ ਉਸ ਵਲੋਂ ਖਾਧੀ ਗਈ ਹਰ ਚੀਜ ਦਾ ਅਸਰ ਉਸਦੇ ਪੇਟ ਵਿਚ ਪਲ ਰਹੇ ਬੱਚੇ ਉਪਰ ਹੁੰਦਾ ਹੈ।
- ਗਰਭਵਤੀ ਔਰਤਾਂ ਨੂੰ ਵਧੇਰੇ ਮਾਤਰਾ ਵਿਚ ਪਾਣੀ ਪੀਣਾ ਚਾਹੀਦਾ ਹੈ।
- ਗਰਭਵਤੀ ਔਰਤਾਂ ਨੂੰ ਜਿਨਸੀ ਸਬੰਧ ਬਣਾਉਣ ਤੋਂ ਪਰਹੇਜ ਰਖਣਾ ਚਾਹੀਦਾ ਹੈ।
- ਗਰਭਵਤੀ ਔਰਤਾਂ ਨੂੰ ਆਪਣੇ ਸਰੀਰ ਦੀ ਸਫਾਈ ਰਖਣੀ ਚਾਹੀਦੀ ਹੈ ਤੇ ਖਾਸ ਤੌਰ ਤੇ ਜਣਨ ਅੰਗਾਂ ਦੀ ਵਿਸ਼ੇਸ਼ ਸਫਾਈ ਹਰ ਦਿਨ ਕਰਨੀ ਚਾਹੀਦੀ ਹੈ।
- ਗਰਭਵਤੀ ਔਰਤ ਨੂੰ ਭਾਰ ਨਹੀਂ ਚੁਕਣਾ ਚਾਹੀਦਾ ਅਤੇ ਭਾਰੀ ਕੰਮ ਨਹੀਂ ਕਰਨੇ ਚਾਹੀਦੇ।
- ਗਰਭਵਤੀ ਔਰਤ ਨੂੰ ਲੜਾਈ ਝਗੜੇ ਵਾਲੀਆਂ ਫਿਲਮਾਂ ਨਹੀਂ ਦੇਖਣੀਆਂ ਚਾਹੀਦੀਆਂ।
- ਹਰ ਗਰਭਵਤੀ ਮਹਿਲਾ ਨੂੰ ਸਮੇਂ ਸਮੇਂ ਉਪਰ ਮਾਹਿਰ ਡਾਕਟਰ ਦੀ ਸਲਾਹ ਲੈਣ ਦੇ ਨਾਲ ਹੀ ਆਪਣੀ ਜਾਂਚ ਕਰਵਾਉਦੇ ਰਹਿਣਾ ਚਾਹੀਦਾ ਹੈ।

ROHITA PANNU
LAW CORPORATION




BARRISTER & SOLICITOR
SERVICES
• ALL NOTARY PUBLIC
• WILLS & ESTATE
• RESIDENTIAL & COMMERCIAL
• REAL ESTATE BUYING & SELLING
• MORTGAGES
• DIVORCE/ FAMILY LAW

Ph: 604.589.1399
Fax : 604.589.1556
www.rohitapannulaw.com
# 102-9278, 120th St.,
Surrey, BC V3V 4W8

# ਅਮਰ ਸ਼ਹੀਦ ਬਾਬਾ ਦੀਪ ਸਿੰਘ

**ਅਵਤਾਰ ਸਿੰਘ ਆਨੰਦ**

ਮੈਦਾਨ-ਏ-ਜੰਗ ਵਿੱਚ ਕਲਾ ਦੇ ਜੌਹਰ ਦਿਖਾਉਣ ਵਾਲੇ ਬਾਬਾ ਦੀਪ ਸਿੰਘ ਦੀ ਕੁਰਬਾਨੀ ਦੀ ਮਿਸਾਲ ਇਤਿਹਾਸ ‘ਚ ਕੋਈ ਹੋਰ ਨਹੀਂ ਮਿਲਦੀ। ਬਾਬਾ ਦੀਪ ਸਿੰਘ ਦਾ ਜਨਮ 27 ਜਨਵਰੀ 1682 ਨੂੰ ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਪਿੰਡ ਪਹੂਵਿੰਡ ਵਿੱਚ ਮਾਤਾ ਜਿਊਣੀ ਅਤੇ ਪਿਤਾ ਭਗਤਾ ਜੀ ਦੇ ਘਰ ਹੋਇਆ।

ਜਦੋਂ 1699 ‘ਚ ਦਸਮ ਪਿਤਾ ਨੇ ਆਨੰਦਪੁਰ ਸਾਹਿਬ ਵਿੱਚ ਸਾਰੀ ਸਿੱਖ ਸੰਗਤ ਨੂੰ ਹੁੰਮ-ਹੁੰਮਾ ਕੇ ਆਉਣ ਲਈ ਆਖਿਆ ਸੀ ਤਾਂ ਉਸ ਸਮੇਂ ਬਾਬਾ ਦੀਪ ਸਿੰਘ ਆਪਣੇ ਮਾਤਾ-ਪਿਤਾ ਨਾਲ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਏ। ਓਦੋਂ ਹੀ ਉਹ ਅੰਮ੍ਰਿਤ ਦੀ ਦਾਤ ਹਾਸਲ ਕਰ ਕੇ ‘ਦੀਪੋ’ ਤੋਂ ਦੀਪ ਸਿੰਘ ਬਣ ਗਏ। ਉਨ੍ਹਾਂ ਨਾਲ ‘ਬਾਬਾ’ ਸ਼ਬਦ ਬਹੁਤ ਬਾਅਦ ਵਿੱਚ ਜੁੜਿਆ। ਉਸ ਸਮੇਂ ‘ਬਾਬਾ’ ਨਹੀਂ ‘ਭਾਈ’ ਸ਼ਬਦ ਪ੍ਰਚੱਲਤ ਸੀ। ਕਾਫ਼ੀ ਸਮਾਂ ਉਹ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਕੋਲ ਹੀ ਰਹੇ। ਉਨ੍ਹਾਂ ਨੇ ਭਾਈ ਮਨੀ ਸਿੰਘ ਨਾਲ ਕਾਫੀ ਸਮਾਂ ਗੁਜ਼ਾਰਿਆ ਤੇ ਇਥੇ ਹੀ ਉਨ੍ਹਾਂ ਗੁਰਮੁਖੀ ਪੜ੍ਹਨੀ ਤੇ ਲਿਖਣੀ ਸਿੱਖੀ। ਇੱਥੇ ਹੀ ਉਨ੍ਹਾਂ ਸ਼ਸਤਰ ਵਿਦਿਆ ਵੀ ਹਾਸਲ ਕੀਤੀ। ਉਹ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਦਾ ਉਤਾਰਾ ਕਰ ਕੇ ਵੱਖ ਵੱਖ ਥਾਵਾਂ ‘ਤੇ ਭੇਜਿਆ ਕਰਦੇ ਸਨ ਤਾਂ ਕਿ ਸੰਗਤ ਗੁਰਬਾਣੀ ਨੂੰ ਵੱਧ ਤੋਂ ਵੱਧ ਪੜ੍ਹ ਸਕੇ ਤੇ ਉਸ ਅਨੁਸਾਰ ਆਪਣਾ ਜੀਵਨ ਬਤੀਤ ਕਰ ਸਕੇ।

ਬਾਬਾ ਦੀਪ ਸਿੰਘ ਨੇ ਆਪਣੇ ਨਾਲ ਗੁਰੂਆਂ ਦੀ ਬਾਣੀ ਤੇ ਸ਼ਬਦਾਂ ਦੀ ਵਿਸਥਾਰਪੂਰਵਕ ਵਿਆਖਿਆ ਕੀਤੀ। ਦੋ ਸਾਲ ਆਨੰਦਪੁਰ ਸਾਹਿਬ ਰਹਿ ਕੇ ਉਹ ਵਾਪਸ ਆਪਣੇ ਪਿੰਡ ਆ ਗਏ। ਇਧਰ ਆਨੰਦਪੁਰ ਸਾਹਿਬ ਨੂੰ ਘੇਰਾ ਪੈ ਗਿਆ ਤਾਂ ਗੁਰੂ ਜੀ ਨੇ ਕਿਲ੍ਹਾ ਖਾਲੀ ਕਰ ਦਿੱਤਾ। ਬਾਬਾ ਦੀਪ ਸਿੰਘ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਦਮਦਮਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੂੰ ਮਿਲੇ ਅਤੇ ਆਨੰਦਪੁਰ ਸਾਹਿਬ ਦੇ ਸਮੇਂ ਨਾਲ ਨਾ ਰਹਿਣ ਦੀ ਮੁਆਫ਼ੀ ਮੰਗੀ। ਇਸ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਨੂੰ ਗਲ ਨਾਲ ਲਾ ਲਿਆ ਤੇ ਕਿਹਾ ਕਿ ਉਨ੍ਹਾਂ ਦੇ ਹਿੱਸੇ ਹਾਲੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਬਾਕੀ ਹਨ।

ਧੀਰਮੱਲੀਏ ਜਦੋਂ ਦਸਮੇਸ਼ ਪਿਤਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਦੇਣ ਤੋਂ ਮੁੱਕਰ ਗਏ ਤਾਂ ਗੁਰੂ ਸਾਹਿਬ ਨੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਨੂੰ ਸੇਵਾ ਸੌਂਪ ਕੇ ਬੀੜ ਤਿਆਰ ਕਰਵਾਈ ਅਤੇ ਇਸ ਵਿੱਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਕੀਤੀ। ਬਾਬਾ ਜੀ ਨੇ ਉਸ ਬੀੜ ਦਾ ਪਾਠ ਸੰਗਤ ਨੂੰ ਅਰਥਾਂ ਸਮੇਤ ਪੜ੍ਹਾਇਆ। ਗੁਰੂ ਗੋਬਿੰਦ ਸਿੰਘ ਜੀ ਤਲਵੰਡੀ ਸਾਬੋ ਤੋਂ ਦੱਖਣ ਨੂੰ ਜਾਣ ਲੱਗੇ ਤਾਂ ਉਨ੍ਹਾਂ ਨੇ ਭਾਈ ਮਨੀ ਸਿੰਘ ਨੂੰ ਹਰਿਮੰਦਰ ਸਾਹਿਬ ਦੀ ਸੇਵਾ ਸੰਭਾਲ ਲਈ ਅੰਮ੍ਰਿਤਸਰ ਭੇਜ ਦਿੱਤਾ ਅਤੇ ਬਾਬਾ ਦੀਪ ਸਿੰਘ ਤਲਵੰਡੀ ਸਾਬੋ ਰਹਿ ਕੇ ਗੁਰਬਾਣੀ ਲਿਖਵਾਉਣ ਅਤੇ ਪੜ੍ਹਾਉਣ ਦੀ ਸੇਵਾ ਕਰਨ ਲੱਗੇ।

1748 ਈ. ਵਿੱਚ ਵਿਸਾਖੀ ਵਾਲੇ ਦਿਨ ਦਲ ਖਾਲਸਾ ਦੇ 65 ਜਥਿਆਂ ਨੂੰ 12 ਮਿਸਲਾਂ ‘ਚ ਪੁਨਰਗਠਿਤ ਕੀਤਾ ਤੇ ਉਨ੍ਹਾਂ 12 ਮਿਸਲਾਂ ‘ਚੋਂ ਬਾਬਾ ਦੀਪ ਸਿੰਘ ਨੂੰ ਸ਼ਹੀਦ ਮਿਸਲ ਦਾ ਮੁਖੀ ਥਾਪਿਆ ਗਿਆ। ਇਸ ਤੋਂ ਪਹਿਲਾਂ ਜਦੋਂ 1746 ਈ. ਵਿੱਚ ਯਾਹੀਆ ਖਾਨ ਨੇ ਦੀਵਾਨ ਲਖਪਤ ਰਾਏ ਦੀ ਅਗਵਾਈ ਹੇਠ ਸਿੱਖਾਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਸੀ ਤਾਂ ਉਹ ਆਪਣੀ ਫ਼ੌਜੀ ਟੁਕੜੀ ਲੈ ਕੇ ਤਲਵੰਡੀ ਸਾਬੋ ਅਤੇ ਕਾਨ੍ਹੂੰਵਾਨ ਦੇ ਜੰਗਲਾਂ ਵਿੱਚ ਲੜਨ ਲਈ ਪਹੁੰਚੇ। ਇਸ ਲੜਾਈ ਨੂੰ ਛੋਟਾ ਘੱਲੂਘਾਰਾ ਕਿਹਾ ਜਾਂਦਾ ਹੈ।

ਸੰਨ 1756 ਈਸਵੀ ਵਿੱਚ ਅਹਿਮਦ ਸ਼ਾਹ ਅਬਦਾਲੀ ਨੇ ਭਾਰਤ ‘ਤੇ ਚੌਥਾ ਹਮਲਾ ਕਰ ਕੇ ਕਈ ਸ਼ਹਿਰਾਂ ਨੂੰ ਲੁੱਟਿਆ। ਜਦੋਂ ਉਹ ਭਾਰਤੀ ਔਰਤਾਂ ਨੂੰ ਦਾਸੀਆਂ ਬਣਾ ਕੇ ਕਾਬਲ ਪਰਤ ਰਿਹਾ ਸੀ ਤਾਂ ਬਾਬਾ ਦੀਪ ਸਿੰਘ ਦੀ ‘ਸ਼ਹੀਦ ਮਿਸਲ’ ਨੇ ਕੁਰੂਕਸ਼ੇਤਰ ਦੇ ਕੋਲ ਪਿਪਲੀ ਅਤੇ ਮਾਰਕੰਡੇ ਦੇ ਦਰਿਆ ਤੋਂ ਲਗਪਗ ਤਿੰਨ ਸੌ ਔਰਤਾਂ ਦੇ ਨਾਲ ਨਾਲ ਬਹੁਤ ਸਾਰਾ ਕੀਮਤੀ ਸਾਮਾਨ ਵਾਪਸ ਹਾਸਲ ਕੀਤਾ। ਇਸ ਦਾ ਬਦਲਾ ਲੈਣ ਲਈ ਅਹਿਮਦ ਸ਼ਾਹ ਅਬਦਾਲੀ ਨੇ ਆਪਣੇ ਪੁੱਤਰ ਤੈਮੂਰ ਸ਼ਾਹ ਨੂੰ ਲਾਹੌਰ ਦਾ ਗਵਰਨਰ ਨਿਯੁਕਤ ਕਰ ਕੇ ਸਿੱਖਾਂ ਨੂੰ ਖ਼ਤਮ ਕਰਨ ਅਤੇ ਗੁਰਦੁਆਰਿਆਂ ਨੂੰ ਢਾਹੁਣ ਦਾ ਕੰਮ ਸ਼ੁਰੂ ਕਰ ਦਿੱਤਾ। ਇਸ ਬਾਰੇ ਬਾਬਾ ਦੀਪ ਸਿੰਘ ਨੇ ਤੈਮੂਰ ਸ਼ਾਹ ਨਾਲ ਦੋ ਹੱਥ ਕਰਨ ਦਾ ਫ਼ੈਸਲਾ ਕਰ ਲਿਆ।

ਬਾਬਾ ਜੀ ਦਮਦਮਾ ਸਾਹਿਬ ਤੋਂ 500 ਸਿੰਘਾਂ ਦਾ ਜਥਾ ਲੈ ਕੇ ਅੰਮ੍ਰਿਤਸਰ ਸਾਹਿਬ ਵੱਲ ਤੁਰੇ। ਅੰਮ੍ਰਿਤਸਰ ਤਕ ਆਉਂਦਿਆ ਇਹ ਜਥਾ ਪੰਜ ਹਜ਼ਾਰ ਸਿੰਘਾਂ ਦਾ ਹੋ ਗਿਆ। ਤਰਨ ਤਾਰਨ ਤੋਂ ਥੋੜ੍ਹੀ ਦੂਰ ਆ ਕੇ ਉਨ੍ਹਾਂ ਆਪਣੀ ਤਲਵਾਰ ਨਾਲ ਜ਼ਮੀਨ ‘ਤੇ ਲਕੀਰ ਖਿੱਚੀ ਤੇ ਕਿਹਾ, “ਜਿਹੜੇ ਸਿੰਘ ਕੁਰਬਾਨੀਆਂ ਲਈ ਤਿਆਰ ਹਨ ਉਹ ਇਸ ਲਕੀਰ ਨੂੰ ਪਾਰ ਕਰ ਕੇ ਮੇਰੇ ਵੱਲ ਆ ਜਾਣ ਅਤੇ ਜਿਨ੍ਹਾਂ ਨੇ ਘਰ ਜਾਣਾ ਹੈ, ਉਹ ਲਕੀਰ ਦੇ ਉਸ ਪਾਰ ਰਹਿਣ। (ਅੱਜ ਉਸ ਜਗ੍ਹਾ ‘ਤੇ ਗੁਰਦੁਆਰਾ ਲਕੀਰ ਸਾਹਿਬ ਸਥਾਪਿਤ ਹੈ।)

ਲਾਹੌਰ ਦਰਬਾਰ ਵਿੱਚ ਜਦੋਂ ਪਤਾ ਲੱਗਾ ਤਾਂ ਜਹਾਨ ਖਾਨ ਘਬਰਾ ਕੇ ਵੀਹ ਹਜ਼ਾਰ ਫੌਜੀਆਂ ਨਾਲ ਅੰਮ੍ਰਿਤਸਰ ਵੱਲ ਕੂਚ ਕਰ ਗਿਆ। ਸਿੰਘ ਇਸ ਵੇਲੇ ਦਰਬਾਰ ਸਾਹਿਬ ਦੀ ਬੇਇੱਜ਼ਤੀ ਦਾ ਬਦਲਾ ਲੈਣ ਲਈ ਆਰ-ਪਾਰ ਦੀ ਲੜਾਈ ਲਈ ਤੁਲੇ ਹੋਏ ਸਨ। ਬਾਬਾ ਦੀਪ ਸਿੰਘ ਅਤੇ ਬਾਕੀ ਸਿੰਘ ਅਜਿਹੀ ਬਹਾਦਰੀ ਨਾਲ ਜੰਗ ਦੇ ਮੈਦਾਨ ਵਿੱਚ ਨਿੱਤਰੇ ਕਿ ਜਹਾਨ ਖਾਨ ਦੀ ਫੌਜ ਵਿੱਚ ਭਾਜੜ ਮੱਚ ਗਈ। ਦੂਜੇ ਪਾਸੇ ਜਹਾਨ ਖਾਨ ਦਾ ਨਾਇਬ ਫੌਜੀ ਜਮਾਲ ਸ਼ਾਹ ਅੱਗੇ ਵਧਿਆ ਅਤੇ ਬਾਬਾ ਜੀ ਨੂੰ ਲਲਕਾਰਨ ਲਗਾ। ਦੋਹਾਂ ਵਿਚਾਲੇ ਘਮਸਾਣ ਲੜਾਈ ਹੋਈ। ਉਸ ਸਮੇਂ ਬਾਬਾ ਦੀਪ ਸਿੰਘ ਜੀ ਦੀ ਉਮਰ 75 ਸਾਲ ਦੀ ਸੀ ਜਦੋਂ ਕਿ ਜਮਾਲ ਸ਼ਾਹ ਲਗਪਗ 40 ਸਾਲ ਦਾ ਸੀ। ਬਾਬਾ ਜੀ ਨੇ ਪੈਂਤਰਾ ਬਦਲ ਕੇ ਜਮਾਲ ਸ਼ਾਹ ਦੀ ਗਰਦਨ ‘ਤੇ ਖੰਡੇ ਦਾ ਵਾਰ ਕੀਤਾ ਤਾਂ ਉਸੇ ਦੌਰਾਨ ਜਮਾਲ ਸ਼ਾਹ ਨੇ ਬਾਬਾ ਜੀ ‘ਤੇ ਵੀ ਪੂਰੇ ਜੋਸ਼ ਨਾਲ ਤਲਵਾਰ ਦਾ ਵਾਰ ਕਰ ਦਿੱਤਾ। ਦੋਹਾਂ ਪੱਖਾਂ ਦੇ ਜਰਨੈਲਾਂ ਦੀਆਂ ਗਰਦਨਾਂ ਇੱਕ ਹੀ ਸਮੇਂ ਜ਼ਮੀਨ ‘ਤੇ ਡਿੱਗ ਪਈਆਂ। ਉਦੋਂ ਕੋਲ ਖੜ੍ਹੇ ਬਾਬਾ ਦਿਆਲ ਸਿੰਘ ਨੇ ਬਾਬਾ ਜੀ ਨੂੰ ਉੱਚੀ ਆਵਾਜ਼ ਵਿੱਚ ਕਿਹਾ, “ਖਾਲਸਾ ਜੀ ਤੁਸੀਂ ਤਾਂ ਕਿਹਾ ਸੀ ਕਿ ਮੈਂ ਆਪਣਾ ਸਿਰ ਗੁਰੂ ਰਾਮਦਾਸ ਜੀ ਦੇ ਚਰਨਾਂ ਵਿੱਚ ਭੇਟ ਕਰਾਂਗਾ। ਤੁਸੀ ਤਾਂ ਇੱਥੇ ਰਸਤੇ ਵਿੱਚ ਸਰੀਰ ਤਿਆਗ ਰਹੇ ਹੋ।“ ਮਾਨਤਾ ਮੁਤਾਬਕ ਉਸੇ ਵੇਲੇ ਬਾਬਾ ਜੀ ਉੱਠ ਖੜ੍ਹੇ ਹੋਏ ਅਤੇ ਉਨ੍ਹਾਂ ਆਪਣਾ ਖੰਡਾ ਤੇ ਕੱਟਿਆ ਹੋਇਆ ਸਿਰ ਚੁੱਕ ਲਿਆ। ਦੁਸ਼ਮਣ ਦੀਆਂ ਫ਼ੌਜਾਂ ਨੇ ਜਦੋਂ ਬਾਬਾ ਜੀ ਨੂੰ ਸਿਰ ਹਥੇਲੀ ‘ਤੇ ਲੈ ਕੇ ਰਣਭੂਮੀ ਵਿੱਚ ਜੂਝਦੇ ਵੇਖਿਆ ਤਾਂ ਉਹ ਭੱਜ ਗਏ। ਸੈਂਕੜੇ ਹੀ ਸਿੰਘ ਸ਼ਹਾਦਤ ਦਾ ਜਾਮ ਪੀ ਗਏ। ਆਪਣੇ ਦੋਧਾਰੀ 18 ਸੇਰ ਦੇ ਖੰਡੇ ਨਾਲ ਦੁਸ਼ਮਣ ਫੌਜ ਨਾਲ ਲੜਦੇ ਹੋਏ ਬਾਬਾ ਜੀ ਅੰਤ ਵਿੱਚ ਦਰਬਾਰ ਸਾਹਿਬ ਪਹੁੰਚੇ। ਉਨ੍ਹਾਂ ਪਰਿਕਰਮਾ ਵਿੱਚ ਜਾ ਕੇ ਗੁਰੂ ਘਰ ਨੂੰ ਨਮਸਕਾਰ ਕੀਤਾ ਤੇ 13 ਨਵੰਬਰ 1757 ਨੂੰ ਸ਼ਹੀਦੀ ਪ੍ਰਾਪਤ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 27 ਜਨਵਰੀ ਨੂੰ ਗੁਰਦੁਆਰਾ ਸ਼ਹੀਦਾਂ ਸਾਹਿਬ ਅੰਮ੍ਰਿਤਸਰ ਅਤੇ ਜਨਮ ਅਸਥਾਨ ਪਹੂਵਿੰਡ ਸਾਹਿਬ ਵਿਖੇ ਸ਼ਰਧਾ ਨਾਲ ਜਨਮ ਦਿਹਾੜਾ ਮਨਾਇਆ ਜਾ ਰਿਹਾ ਹੈ।






**ਲੜੀਵਾਰ...**
**ਲੇਖਕ : ਗਿਆਨੀ ਕੇਵਲ ਸਿੰਘ ਨਿਰਦੋਸ਼**

## ਸਭੁ ਦੇਸੁ ਪਰਾਇਆ
**(ਸਵੈ-ਜੀਵਨੀ)**

# ਇਕ ਅਹਿਮ ਘਟਨਾ ਜੋ ਦੁਰਘਟਨਾ ਹੋਣ ਤੋਂ ਬਚ ਗਈ

**ਲੜੀ ਜੋੜਨ ਲਈ ਪਿਛਲਾ ਅੰਕ ਵੇਖੋ**

ਉਸ ਸਮੇਂ ਹੀ ਕਿਸੇ ਚਲਾਕ ਬੰਦੇ ਨੇ ਗਿਣੀ ਮਿਥੀ ਸਾਜ਼ਿਸ਼ ਅਨੁਸਾਰ ਇੱਕ ਚਿੱਠੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਲਿਖੀ, ਜੋ ਇਸ ਤਰ੍ਹਾਂ ਸੀ,

''ਸਿਰੀ ਮਾਨ ਜੀਓ'' ਪੰਜਾਬ ਰਜਮੈਂਟ ਸੈਂਟਰ ਵਿੱਚ ਇੱਕ ਸਿੱਖ ਵਿਰੋਧੀ ਕਰਨਲ ਪੀ.ਐਸ. ਵਾਸੂਦੇਵਨ ਆਇਆ ਹੈ। ਜੋ ਸਾਡੇ ਧਾਰਮਿਕ ਮਾਮਲਿਆਂ ਵਿੱਚ ਸਿੱਧਾ ਦਖਲ ਦੇ ਰਿਹਾ ਹੈ। ਇਸਨੇ ਗੁਰਦੁਆਰੇ ਦੇ ਪਤਾਸਿਆਂ ਨੂੰ ਭੋਗ ਲਗਾਉਣ ਦੀ ਮਨਾਹੀ ਕਰ ਦਿੱਤੀ ਹੈ। ਇਸ ਦੁਸ਼ਟ ਨੇ ਗੁਰਦੁਆਰੇ ਦੀਆਂ ਨੀਹਾਂ ਪੁਟਵਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਸਿੱਖ ਜਵਾਨਾਂ ਵਿੱਚ ਬਹੁਤ ਰੋਹ ਹੈ। ਕੋਈ ਵੀ ਘਟਨਾ ਘਟ ਸਕਦੀ ਹੈ। ਮੈਂ ਇਥੇ ਬਹੁਤ ਬੇ-ਵੱਸ ਹਾਂ। ਕਿਰਪਾ ਕਰਕੇ ਸੈਂਟਰ ਸਰਕਾਰ ਨੂੰ ਲਿਖਕੇ ਇਸ ਦੁਸ਼ਟ ਕਰਨਲ ਦੀ ਬਦਲੀ ਕਰਵਾਈ ਜਾਏ। ਦਾਸ ਆਪਦਾ ਬਹੁਤ ਧੰਨਵਾਦੀ ਹੋਵੇਗਾ।

ਆਪ ਜੀ ਦਾ ਹਿਤੈਸ਼ੀ ਗਿ:ਕੇਵਲ ਸਿੰਘ ਨਿਰਦੋਸ਼ ਨਾਇਬ ਸੂਬੇਦਾਰ (ਆਰ.ਟੀ.) ਪੰਜਾਬ ਰਜਮੈਂਟ ਸੈਂਟਰ ਮੇਰਠ ਕੈਂਟ (ਯੂ.ਪੀ.)

ਇਹ ਚਿੱਠੀ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਲਈ ਲਿਖੀ ਗਈ। ਇੱਕ ਮੇਰੇ ਤੇ ਕਰਨਲ ਸਾਹਿਬ ਵਿੱਚ ਦੁਫਾੜ ਪੈਦਾ ਹੋਵੇ ਤੇ ਦੂਸਰੇ ਧਾਰਮਿਕ ਮਸਲਾ ਖੜਾ ਕਰਕੇ ਸ਼੍ਰੋਮਣੀ ਕਮੇਟੀ ਰਾਹੀਂ ਕਰਨਲ ਸਾਹਿਬ ਦੀ ਬਦਲੀ ਕਰਵਾਈ ਜਾਏ। ਇਸ ਗੱਲ ਦਾ ਉਦੋਂ ਪਤਾ ਲੱਗਾ ਜਦੋਂ ਆਰਮੀ ਹੈਡਕੁਆਟਰ ਤੋਂ ਇਨਕੁਆਰੀ ਲਈ ਇਹ ਚਿੱਠੀ ਮੇਰਠ ਪੰਜਾਬ ਸੈਂਟਰ ਦੇ ਦਫ਼ਤਰ ਪੁੱਜੀ ਤੇ ਮੈਨੂੰ ਦਫ਼ਤਰ ਬੁਲਾਇਆ ਗਿਆ। ਕਰਨਲ ਸਾਹਿਬ ਨੇ ਉਹ ਮੇਰੇ ਦਸਖਤਾਂ ਵਾਲੀ ਚਿੱਠੀ ਫੜਾਈ। ਮੈਂ ਤਾਂ ਜਿਵੇਂ ਬਿਜਲੀ ਦਾ ਕਰੰਟ ਲੱਗਦਾ ਹੁੰਦਾ ਹੈ ਇੱਕ ਦਮ ਘਬਰਾ ਗਿਆ। ਉਹ ਚਿੱਠੀ ਹੱਥ ਲਿਖਤ ਸੀ, ਇਸ ਲਈ ਪਤਾ ਲਗਾਇਆ ਜਾ ਸਕਦਾ ਸੀ ਕਿ ਕਿਸ ਨੇ ਲਿਖੀ ਹੈ। ਮੇਰੇ ਬਾਰੇ ਤਾਂ ਕਰਨਲ ਸਾਹਿਬ ਬਿਲਕੁਲ ਸਪਸ਼ਟ ਸਨ। ਇਹ ਚਿੱਠੀ ਗਿਆਨੀ ਜੀ ਵਲੋਂ ਲਿਖਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਪਰ ਪਤਾ ਤਾਂ ਲੱਗੇ। ਮੈਂ ਕਰਨਲ ਸਾਹਿਬ ਦੀ ਆਗਿਆ ਨਾਲ ਦੋ ਦਿਨ ਦੀ ਛੁੱਟੀ ਲੈ ਕੇ ਤੇ ਉਸ ਚਿੱਠੀ ਦੀ ਫੋਟੋ ਕਾਪੀ ਲੈਕੇ ਸ਼੍ਰੋਮਣੀ ਕਮੇਟੀ ਦੇ ਦਫ਼ਤਰ ਸ੍ਰੀ ਅੰਮ੍ਰਿਤਸਰ ਪੁੱਜਾ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ੍: ਸੁਰਜੀਤ ਸਿੰਘ ਸਨ ਜੋ ਮੈਨੂੰ ਜਾਣਦੇ ਸਨ। ਮੈਂ ਉਨ੍ਹਾਂ ਨੂੰ ਕਿਹਾ ਕਿ ਸਰਦਾਰ ਜੀ ਕੋਈ ਐਕਸ਼ਨ ਲੈਣ ਤੋਂ ਪਹਿਲਾਂ ਇਹ ਜਾਣਕਾਰੀ ਤਾਂ ਲੈ ਲੈਣੀ ਸੀ ਕਿ ਚਿੱਠੀ ਮੈਂ ਹੀ ਲਿਖੀ ਹੈ? ਉਹ ਹੱਸਕੇ ਕਹਿਣ ਲੱਗੇ ਅਸੀਂ ਸੋਚਿਆ ਬਈ ਸਾਡਾ ਬੰਦਾ ਬਹੁਤ ਹੀ ਮੁਸੀਬਤ ਵਿੱਚ ਹੈ। ਅਸੀਂ ਡਿਫੈਂਸ ਮਨਿਸਟਰ ਨੂੰ ਭੇਜ ਦਿੱਤੀ। ਮੈਂ ਸਾਰੀ ਗੱਲ ਉਨ੍ਹਾਂ ਨੂੰ ਦੱਸੀ ਤਾਂ ਉਹ ਕਹਿਣ ਲੱਗੇ ਕਿ ਤੁਸੀਂ ਆਪਣੀ ਵੱਲੋਂ ਇਸਦਾ ਉੱਤਰ ਲਿਖ ਦਿਉ। ਮੈਂ ਪੰਜ ਸਫ਼ੇ ਦੀ ਚਿੱਠੀ ਸਪੱਸ਼ਟੀਕਰਨ ਦੇ ਤੌਰ ਤੇ ਲਿਖੀ ਤੇ ਦੱਸਿਆ ਕਿ ਇਸਦਾ ਅਸਲ ਕਾਰਨ ਕੀ ਹੈ। ਕੁਝ ਸਮੇਂ ਬਾਅਦ ਇਹ ਮਸਲਾ ਰਫਾ ਦਫ਼ਾ ਹੋਇਆ। ਜੋ ਇਨਕੁਆਰੀ ਕਰਨਲ (ਰਿਟਾਇਰਡ) (ਟਦ) ਰਘਬੀਰ ਸਿੰਘ ਵਿਰੁੱਧ ਚੱਲ ਰਹੀ ਸੀ। ਉਸ ਵਿੱਚੋਂ ਉਹ ਬਰੀ ਹੋ ਗਏ ਤੇ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਮੇਰੇ ਅਤੇ ਕਰਨਲ ਵਾਸੂਦੇਵਨ ਬਾਰੇ ਕਾਫ਼ੀ ਗਲਤ ਮਲਤ ਗੱਲਾਂ ਵਿਰੋਧੀਆਂ ਨੇ ਕੀਤੀਆਂ ਜੋ ਉਨ੍ਹਾਂ ਕਰਨੀਆਂ ਹੀ

ਕਰਨੈਲ ਸਿੰਘ ਪਾਰਸਲ ਨੂੰ ਉਲਟ ਪੁਲਟ ਕੇ ਦੇਖਣ ਲੱਗਾ ਤੇ ਬਜਾਏ ਉਪਰੋਂ ਖੋਹਲਣ ਦੇ ਉਸਨੇ ਥੱਲਿਓਂ ਥੋੜ੍ਹਾ ਜਿਹਾ ਖੋਹਲਿਆ। ਉਸ ਨੇ ਉਸੇ ਵੇਲੇ ਰੱਖ ਕੇ ਰੌਲਾ ਪਾ ਦਿੱਤਾ ਕਿ ਸਾਹਿਬ ਬਾਹਰ ਭੱਜੋਂ ਇਸ ਵਿੱਚ ਬੰਬ ਹੈ, ਜਿਸ ਦੀ ਪਿੰਨ ਕੱਢੀ ਹੋਈ ਹੈ। ਉਹ ਆਪ ਵੀ ਬਾਹਰ ਆ ਗਿਆ। ਕਿਤੇ ਜੇ ਉਪਰਲੀ ਫੱਟੀ ਖੋਹਲ ਦਿੰਦਾ ਗਰਨੇਡ ਦਾ ਪਿੰਨ ਕੱਢਿਆ ਹੋਇਆ ਸੀ, ਕਿਸੇ ਨੇ ਵੀ ਨਹੀਂ ਸੀ ਬਚਣਾ। ਇਹ ਸਿਰਫ਼ ਸ਼ਹੀਦਾਂ ਦੀ ਤਾਕਤ ਮੈਨੂੰ ਬਚਾ ਗਈ। ਤੁਸੀਂ ਪੰਜਾਬ ਹਾਊਸ ਵਿੱਚ ਖਾਣਾ ਖਾਂਦਿਆਂ ਸਲਾਹ ਦਿੱਤੀ ਸੀ ਕਿ ''ਨਵੰਬਰ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਇੱਕ ਪਰੋਗਰਾਮ ਕੀਤਾ ਜਾਇਆ ਕਰੇ ਜਿਸ ਵਿੱਚ ਪੰਜਾਬ ਗਰੁੱਪ ਦੇ ਸਾਰੇ (.ਠ.) ਗਿਆਨੀ ਤੇ ਪੰਡਿਤ ਸ਼ਾਮਲ ਹੋਣ।

ਸਨ। ਪਰ ਰੱਬ ਦੀ ਲਾਠੀ ਅਵਾਜ਼ ਨਹੀਂ ਕਰਦੀ। ਬੇ-ਅਵਾਜ਼ ਹੁੰਦੀ ਹੈ। ਜਿਨ੍ਹਾਂ ਨੇ ਗੁਰੂ ਘਰ ਦਾ ਪੈਸਾ ਖਾਧਾ ਹੋਵੇ ਉਹ ਪਚਦਾ ਨਹੀਂ ਅਜੇਹੇ ਦੁੱਖ ਦੇ ਕੇ ਜਾਂਦਾ ਹੈ ਕਿ ਬੰਦੇ ਦਾ ਛੱਡਦਾ ਕੱਖ ਨਹੀਂ। ਕਰਨਲ ਰਘਬੀਰ ਸਿੰਘ ਦੇ ਘਰ ਖੁਸ਼ੀ ਵਿੱਚ ਪਾਰਟੀ ਚੱਲ ਰਹੀ ਸੀ। ਵਿਸਕੀ ਕੁੱਕੜ ਉਡ ਰਹੇ ਸਨ ਤੇ ਮੇਰੇ ਵਰਗਿਆਂ ਉਪਰ ਤਵੇ ਲੱਗ ਰਹੇ ਸਨ। ਗਿਆਨੀ ਕੇਵਲ ਸਿੰਘ ਨੇ ਵੀ ਜ਼ੋਰ ਲਾ ਲਿਆ। ਜੇ ਅਸੀਂ ਕੁਝ ਖਾਧਾ ਹੁੰਦਾ ਤਾਂ ਰੱਬ ਸਾਨੂੰ ਸਜ਼ਾ ਨਾ ਦਿੰਦਾ?

ਕਰਨਲ ਰਘਬੀਰ ਸਿੰਘ ਦਾ ਇੱਕੋਂ ਇੱਕ ਲੜਕਾ ਸੀ। ਬਿਲਕੁਲ ਅੰਗਰੇਜ਼ ਲੱਗਦਾ ਸੀ ਗੋਰਾ ਨਿਸ਼ੋਹ। ਵੀਹ ਕੁ ਸਾਲ ਦੀ ਉਮਰ ਸੀ। ਉਧਰ ਕੋਠੀ ਵਿੱਚ ਪਾਰਟੀ ਚੱਲ ਰਹੀ ਸੀ। ਉਹ ਲੜਕਾ ਸਕੂਟਰ ਤੇ ਆ ਰਿਹਾ ਸੀ ਕਿ ਇੱਕ ਥਰੀ ਟਨ ਆਰਮੀ ਦੀ ਗੱਡੀ ਨਾਲ ਉਸਦਾ ਐਕਸੀਡੈਂਟ ਹੋ ਗਿਆ ਤੇ ਲੜਕੇ ਦੀ ਥਾਂਹ ਹੀ ਮੌਤ ਹੋ ਗਈ। ਪੰਜਾਬ ਰਜਮੈਂਟਲ ਸੈਂਟਰ ਤੇ ਸਿੱਖ ਰਜਮੈਂਟਲ ਸੈਂਟਰ ਮੇਰਠ ਤੋਂ ਪੱਕੇ ਤੌਰ ਤੇ ਤਬਦੀਲ ਕਰਕੇ ਰਾਮਗੜ੍ਹ (ਬਿਹਾਰ) ਆ ਗਏ ਸਨ। ਕਰਨਲ ਵਾਸੂਦੇਵਨ ਦੇ ਦੋਖੀਆਂ ਨੇ ਇੱਥੇ ਵੀ ਉਨ੍ਹਾਂ ਦਾ ਖਹਿੜਾ ਨਹੀਂ ਛੱਡਿਆ।

### ''ਇਕ ਅਹਿਮ ਘਟਨਾ ਜੋ ਦੁਰਘਟਨਾ ਹੋਣ ਤੋਂ ਬਚ ਗਈ''

ਇੱਕ ਅਕਤੂਬਰ ਸੰਨ 1976 ਈ: ਦਾ ਜ਼ਿਕਰ ਹੈ। ਉਹ ਦਿਨ ਆਤਮਿਕ ਤੌਰ ਤੇ ਮੇਰੇ ਬੜੇ ਹੀ ਚੜ੍ਹਦੀ ਕਲਾ ਦੇ ਸਨ। ਢਾਈ ਵਜੇ ਅੰਮ੍ਰਿਤ ਵੇਲੇ ਉਠਣਾ। ਇਸ਼ਨਾਨ ਕਰਕੇ ਗੁਰਦੁਆਰਾ ਸਾਹਿਬ ਚਲੇ ਜਾਣਾ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸੁੱਖ ਅਸਥਾਨ ਵਾਲੇ ਕਮਰੇ ਵਿੱਚ ਗੁਰੂ ਸਾਹਿਬ ਦੇ ਪਲੰਘ ਦੇ ਪਵਾਂਦੀ ਬੈਠਕੇ ਸਿਮਰਨ ਵਿੱਚ ਜੁੜਨਾ ਤੇ ਫਿਰ ਸੁਖਮਨੀ ਸਾਹਿਬ ਦਾ ਜੋ ਲੜੀ ਵਾਰ ਟੀਕਾ ਕਵਿਤਾ ਵਿੱਚ ਕਰਨਾ ਸ਼ੁਰੂ ਕੀਤਾ ਹੋਇਆ ਸੀ, ਉਸਦੀਆਂ ਦੋ ਜਾਂ ਤਿੰਨ ਪਉੜੀਆਂ ਦਾ ਕਾਵਿ-ਟੀਕਾ ਕਰਨਾ। ਇਹ ਟੀਕਾ ''ਸੁਖਮਨੀ ਸੁੱਖ'' ਦੇ ਸਿਰਲੇਖ ਹੇਠ 2005 ਵਿੱਚ ਲਹੌਰ ਬੁੱਕ ਸ਼ਾਪ ਵਾਲਿਆਂ ਨੇ ਛਾਪਿਆ। ਫਿਰ ਗੁਰੂ ਮਹਾਰਾਜ ਦਾ ਪ੍ਰਕਾਸ਼ ਕਰਕੇ ਨਿਤਨੇਮ ਕਰਕੇ ਕਮਰੇ ਵਿੱਚ ਆ ਜਾਣਾ। ਕੁਝ ਸਮਾਂ ਅਰਾਮ ਕਰਕੇ ਅਧਿਐਨ ਸ਼ੁਰੂ ਕਰ ਦੇਣਾ। ਉਸ ਦਿਨ ਰਾਮ ਰਚਿਤ ਮਾਣਸ ਦਾ ਲੰਕਾ ਕਾਂਡ ਪੜ੍ਹ ਰਿਹਾ ਸਾ। ਮੇਰੇ ਧਿਆਨ ਵਿੱਚ ਕੋਈ ਵਿਘਨ ਨਾ ਪਾਵੇ ਮੈਂ ਆਪਣੇ ਕੁਆਟਰ ਵਿੱਚ ਅੰਦਰ ਵੜਕੇ ਆਪਣੇ ਸੇਵਾਦਾਰ ਕੋਲੋਂ ਜਿੰਦਰਾ ਲੱਗਵਾ ਲੈਣਾ ਤੇ ਉਸ ਨੂੰ ਹੁਕਮ ਕਰ ਦੇਣਾ ਕਿ ਤੂੰ ਦੱਸ ਵਜੇ ਤੋਂ ਪਹਿਲਾਂ ਨਹੀਂ ਖੋਹਲਣਾ। ਪਰ ਉਹ ਨੌ ਕੁ ਵਜੇ ਹੀ ਆ ਗਿਆ। ਮੈਨੂੰ ਕਹਿਣ ਲੱਗਾ, ''ਬਾਬਾ ਜੀ ! ਤੁਹਾਨੂੰ ਕਮਾਂਡੈਂਟ ਸਾਹਿਬ ਨੇ ਹੁਣੇ ਹੀ ਦਫ਼ਤਰ ਯਾਦ ਕੀਤਾ ਹੈ। ਮੈਂ ਤਿਆਰ ਹੋ ਕੇ ਦਫ਼ਤਰ ਪੁੱਜ ਗਿਆ। ਕਰਨਨ ਵਾਸੂਦੇਵਨ ਸਾਹਿਬ ਦਫ਼ਤਰ ਤੋਂ ਬਾਹਰ ਹੀ ਟਹਿਲ ਰਹੇ ਸਨ। ਮੈਨੂੰ ਵੇਖ ਕੇ ਕੋਲ ਆ ਗਏ ਤੇ ਕਹਿਣ ਲੱਗੇ ''ਗਿਆਨੀ ਜੀ ਆਪ ਕੋ ਪਤਾ ਚੱਲ ਗਿਆ ਹੈ?'' ਮੈਂ ਹੈਰਾਨ ਹੋਕੇ ਕਿਹਾ ਨਹੀਂ ਜੀ। ਕੀ ਗੱਲ ਹੋ ਗਈ? ਉਹਨਾਂ ਨੇ ਦੱਸਿਆ ਕਿ ਕੱਲ੍ਹ ਸ਼ਾਮੀ 30 ਸਤੰਬਰ ਮੇਰੇ ਨਾਮ ਤੇ ਦੇਹਰਾਦੂਨ ਤੋਂ ਬਰਗੇਡੀਅਰ ਸ਼ਰਮਾ ਜੋ ਮੇਰੇ ਪਰਮ ਮਿੱਤਰ ਹਨ, ਵੱਲੋਂ ਇੱਕ ਪਾਰਸਲ ਆਇਆ। ਦਫ਼ਤਰ ਵਿੱਚ ਕੁਦਰਤੀ ਦੋਵੇਂ ਲੜਕੇ ਤੇ ਮੇਮ ਸਾਹਿਬ ਵੀ ਸਨ। ਮੈਂ ਹੌਲਦਾਰ ਕਰਨੈਲ ਸਿੰਘ ਕਲਰਕ ਨੂੰ ਕਿਹਾ ਕਿ ਪਾਰਸਲ ਖੋਹਲ, ਵੇਖ ਇਸ ਵਿੱਚ ਕੀ ਹੈ? (ਬਿਲਕੁਲ ਉਸੇ ਤਰਾਂ ਜਿਵੇਂ ਮੇਰੇ ਨਾਮ ਤੇ ਉਨ੍ਹਾਂ ਵਿਰੁੱਧ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖਿਆ ਸੀ) ਖਬਰੇ ਬਰਗੇਡੀਅਰ ਸਾਹਿਬ ਨੇ ਦੁਸੈਹਰੇ ਉਪਰ ਕੋਈ ਗਿਫ਼ਟ ਭੇਜਿਆ ਹੋਵੇ। ਕਰਨੈਲ ਸਿੰਘ ਪਾਰਸਲ ਨੂੰ ਉਲਟ ਪੁਲਟ ਕੇ ਦੇਖਣ ਲੱਗਾ ਤੇ ਬਜਾਏ ਉਪਰੋਂ ਖੋਹਲਣ ਦੇ ਉਸਨੇ ਥੱਲਿਓਂ ਥੋੜ੍ਹਾ ਜਿਹਾ ਖੋਹਲਿਆ। ਉਸ ਨੇ ਉਸੇ ਵੇਲੇ ਰੱਖ ਕੇ ਰੌਲਾ ਪਾ ਦਿੱਤਾ ਕਿ ਸਾਹਿਬ ਬਾਹਰ ਭੱਜੋਂ ਇਸ ਵਿੱਚ ਬੰਬ ਹੈ, ਜਿਸ ਦੀ ਪਿੰਨ ਕੱਢੀ ਹੋਈ ਹੈ। ਉਹ ਆਪ ਵੀ ਬਾਹਰ ਆ ਗਿਆ। ਕਿਤੇ ਜੇ



ਉਪਰਲੀ ਫੱਟੀ ਖੋਹਲ ਦਿੰਦਾ ਗਰਨੇਡ ਦਾ ਪਿੰਨ ਕੱਢਿਆ ਹੋਇਆ ਸੀ, ਕਿਸੇ ਨੇ ਵੀ ਨਹੀਂ ਸੀ ਬਚਣਾ। ਇਹ ਸਿਰਫ਼ ਸ਼ਹੀਦਾਂ ਦੀ ਤਾਕਤ ਮੈਨੂੰ ਬਚਾ ਗਈ। ਤੁਸੀਂ ਪੰਜਾਬ ਹਾਊਸ ਵਿੱਚ ਖਾਣਾ ਖਾਂਦਿਆਂ ਸਲਾਹ ਦਿੱਤੀ ਸੀ ਕਿ ''ਨਵੰਬਰ ਨੂੰ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਹਰ ਸਾਲ ਇੱਕ ਪਰੋਗਰਾਮ ਕੀਤਾ ਜਾਇਆ ਕਰੇ ਜਿਸ ਵਿੱਚ ਪੰਜਾਬ ਗਰੁੱਪ ਦੇ ਸਾਰੇ (.ਠ.) ਗਿਆਨੀ ਤੇ ਪੰਡਿਤ ਸ਼ਾਮਲ ਹੋਣ। ਇਸ ਤਰੀਕੇ ਨਾਲ ਅਸੀਂ ਵੀ ਸਾਲ ਵਿੱਚ ਇੱਕ ਵਾਰ ਆਪਸ ਵਿੱਚ ਮਿਲ ਸਕਿਆ ਕਰਾਂਗੇ। ਕੱਲ੍ਹ ਮੈਂ ਉਹੀ ਲੈਟਰ ਲਿਖਵਾ ਕੇ ਸਾਈਨ ਕਰਨ ਆਇਆ ਸਾਂ ਤਾਂ ਜੋ ਸਾਰੀਆਂ ਯੂਨਿਟਾਂ ਨੂੰ ਸਮੇਂ ਸਿਰ ਪੱਤਰ ਮਿਲ ਸਕੇ ਤੇ ਸਾਰੇ ਰਿਲੀਜਸ ਟੀਚਰ ਉਸ ਦਿਨ ਆ ਸਕਣ। ਇਸ ਲਈ ਸ਼ੁਕਰਾਨੇ ਵਜੋਂ ਕੱਲ੍ਹ ਨੂੰ ਸ੍ਰੀ ਅਖੰਡਪਾਠ ਸਾਹਿਬ ਅਰੰਭ ਕੀਤੇ ਜਾਣ, ਜਿਸਦੀ ਸਾਰੀ ਸੇਵਾ ਅਸੀਂ ਕਰਾਂਗੇ। ਕਰਨਲ ਵਾਸੂਦੇਵਨ ਸਾਹਿਬ ਦੀ ਧਰਮ ਪਤਨੀ ਬਹੁਤ ਹੀ ਸੂਝਵਾਨ ਨਿਮਰ ਸੁਭਾ ਤੇ ਅਤਿਅੰਤ ਦਿਆਲੂ ਸਨ। ਮੇਰੇ ਕੋਲੋਂ ਉਹ ਕੀਤਰਨ ਸਿੱਖਦੇ ਸਨ। ਸਾਡੇ ਸਿੱਖ ਅਫ਼ਸਰਾਂ ਦੀਆਂ ਦੇਸੀ ਮੇਮਾਂ ਨੇ ਵਿਅੰਗਆਤਮਕ ਹਾਸਾ ਹੱਸਦਿਆਂ ਕਹਿਣਾ ਕਿ ਮਿਸਜ਼ ਵਾਸੂ ਆਪ ਗਿਆਨੀ ਜੀ ਸੇ ਮਿਊਜ਼ਕ ਸਿੱਖ ਰਹੇ ਹੋ। ਉਨ੍ਹਾਂ ਕਹਿਣਾ ਨਹੀਂ ਮੈਂ ਕੀਰਤਨ ਸਿੱਖ ਰਹੀ ਹਾਂ। ਸਿਰਫ ਗੁਰਬਾਣੀ ਸ਼ਬਦ। ਕਰਨਲ ਵਾਸੂਦੇਵਨ ਸਾਹਿਬ ਰਿਟਾਇਰਡ ਹੋ ਕੇ ਫਰੀਦਾਬਾਦ ਜਿੱਥੇ ਅਸਕੌਰਟ ਟਰੈਕਟਰਾਂ ਦੀ ਫੈਕਟਰੀ ਹੈ, ਉਥੇ ਚੀਫ ਸਿਕਿਉਰਟੀ ਅਫ਼ਸਰ ਜਾ ਲੱਗੇ। ਬਹੁਤ ਸਾਰੇ 14 ਪੰਜਾਬ ਦੇ ਜਵਾਨ ਜੋ ਪੈਨਸ਼ਨ ਆ ਚੁੱਕੇ ਸਨ, ਉਨ੍ਹਾਂ ਨੂੰ ਨੌਕਰੀਆਂ ਦਿਵਾਈਆਂ। ਇੱਕ ਵਾਰੀ 1980 ਵਿੱਚ ਉਨ੍ਹਾਂ ਦੀ ਮਿਸਿਜ਼ ਬਹੁਤ ਬੀਮਾਰ ਹੋ ਗਏ। ਠੀਕ ਹੋਣ ਤੇ ਸ਼ੁਕਰਾਨੇ ਵਿੱਚ ਅਖੰਡਪਾਠ ਕਰਵਾਇਆ ਮੈਨੂੰ ਸਪੈਸ਼ਲ ਹੌਲਦਾਰ (ਏਟਦ) ਸੁਖਦੇਵ ਸਿੰਘ ਭੇਜ ਕੇ ਮੰਗਵਾਇਆ ਜਦੋਂ ਮਦਰਾਸਣ ਉਨ੍ਹਾਂ ਦੀ ਮਿਸ਼ਜ਼ ਨੇ ਮੇਰੇ ਨਾਲ ਸ਼ਬਦ ਪੜ੍ਹੇ ਤਾਂ ਸਾਰੇ ਹੈਰਾਨ ਹੋ ਗਏ। ਉਨ੍ਹਾਂ ਦੇ ਮੁਖੜੇ ਤੋਂ ਹਮੇਸ਼ਾ ਦੈਵੀ ਪ੍ਰਭਾਵ ਝਲਕਦਾ ਸੀ।

**ਚਲਦਾ...**

52 YEARS OF EXCELLENCE
THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


ਸਪੈਸ਼ਲ ਸੇਲ !
www.dream-carpets.com
dream
carpets
Shaw FLOORS
Ansonylon
STAINMASTER CARPET
ClearTouch
from $1.98 SF
Berber
Installed
Textured Saxony
Installed
from $2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ
Where The Builders Buy!
NEW HOME SPECIALISTS
NOBODY KNOWS FLOORING LIKE DREAM CARPETS
SERVING WESTERN CANADA FOR OVER 30 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Perry



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ**  **ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5'9", ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ।
ਸੰਪਰਕ-604-710-7593

***************

ਕੈਨੇਡਾ 'ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।ਹੋਰ ਜਾਣਕਾਰੀ ਲਈ ਸੰਪਰਕ ਨੰਬਰ
**604-832-2564**

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ 'ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੰਬੀਆ, ਕੈਨੇਡਾ 'ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ 'ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ।
ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731
(ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੁਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ' ਚ ਰਹਿੰਦੇ ਲੜਕੇ ਲਈ ਕੈਨੇਡਾ 'ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ 'ਚ ਪੀ.ਆਰ. ਹੈ।
ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6' ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ।
ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ਏਚਏਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 talwanid@hotmial.ca

***************

34 ਸਾਲਾਂ 5'-3" M.A. B.Ed. ਨੈਨੀ ਵਰਕ ਪਰਮਿਟ 'ਤੇ ਕੈਨੇਡਾ ਰਹਿ ਰਹੀ ਸਿੱਖ ਲੜਕੀ ਲਈ ਪੀ.ਆਰ. ਲੜਕੇ ਦੀ ਲੋੜ ਹੈ। ਸੰਪਰਕ- 604-763-3541.

***************

### ਲੜਕੇ ਦੀ ਲੋੜ

ਵੈਨਕੂਵਰ ਵਾਸੀ, ਜੱਟ ਸਿੱਖ ਸਿੱਧੂ ਕੈਨੇਡੀਅਨ ਜੰਮਪਲ ਲੜਕੀ, 1981, ਕੱਦ 5'2", ਯੂਨੀਵਰਸਿਟੀ ਗਰੈਜੂਏਟ, ਸੀਨੀਅਰ ਮਾਰਕੀਟਿੰਗ ਮੈਨੇਜਰ ਲਈ ਕੈਨੇਡਾ ਦੇ ਜੰਮਪਲ, ਪ੍ਰੋਫੈਸ਼ਨਲ ਜੌਬ ਕਰਦੇ ਲੜਕੇ ਦੀ ਲੋੜ ਹੈ। ਗਰੇਟਰ ਵੈਨਕੂਵਰ ਏਰੀਆ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਸੰਪਰਕ ਕਰੋ- 604-319-0662,
Email: dharam.sidhu@yahoo.com

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ 'ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ 'ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ 'ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5'10" (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(ਕੁ) ਜਾਂ ਸਿਟਿਜ਼ਨ ਲੜਕੀ ਦੀ ਲੋੜ।
ਸਪੰਰਕ:-778-903-0135

***************

ਸਰੀ ਵਿਚ ਰਹਿ ਰਹੇ ਵਰਕ ਪਰਮਿਟ ਹੋਲਡਰ ਜੱਟ ਸਿੱਖ ਗਿੱਲ ਲੜਕਾ (ਮੋਗਾ ਜ਼ਿਲਾ), ਉਮਰ 32 ਸਾਲ, ਕੱਦ 6' ਲਈ ਕੈਨੇਡੀਅਨ ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ। ਵੈਨਕੂਵਰ ਏਰੀਆ ਨੂੰ ਪਹਿਲ।
ਸੰਪਰਕ: 604-809-3121

***************

### ਲੜਕੀ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ ਲੜਕਾ, ਉਮਰ 28 ਸਾਲ, ਕੱਦ 5'7", ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਕੋਲ ਰਾਜਸਥਾਨ (ਭਾਰਤ) ਵਿਚ ਸ਼ਹਿਰੀ ਜਾਇਦਾਦ ਅਤੇ 60 ਕਿੱਲੇ ਜ਼ਮੀਨ ਹੈ। ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

***************

### ਲੜਕੀ ਦੀ ਲੋੜ

ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 5' 10", ਮਕੈਨੀਕਲ ਇੰਜਨੀਅਰ ਦੀ ਜੌਬ ਕਰ ਰਿਹਾ ਹੈ, ਲਈ ਕੈਨੇਡੀਅਨ ਸਿਟੀਜ਼ਨ ਜਾਂ ਇਮੀਗਰਾਂਟ ਲੜਕੀ ਦੀ ਲੋੜ ਹੈ। ਸੰਪਰਕ: 778-896-2843
ਈਮੇਲ: g.gurbachan@gmall.com

### ਵਰ ਦੀ ਲੋੜ

ਕੈਨੇਡੀਅਨ ਜੱਟ ਸਿੱਖ ਗਿੱਲ, ਉਮਰ 29 ਸਾਲ, ਕੱਦ 5'6", ਕੈਂਸਰ ਹਸਪਤਾਲ ਵੈਨਕੂਵਰ ਵਿੱਚ ਬਤੌਰ MUC ਸਰਵਿਸ ਕਰਦੀ ਲੜਕੀ ਲਈ ਕਨੇਡੀਅਨ ਪੀਆਰ ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਦੇ ਪਰਿਵਾਰ ਦਾ ਪਿਛੋਕੜ ਰਾਜਸਥਾਨ (ਭਾਰਤ) ਨਾਲ ਸਬੰਧਤ ਹੈ ਅਤੇ ਰਾਜਸਥਾਨ ਪਿਛੋਕੜ ਵਾਲੇ ਪਰਿਵਾਰ ਨੂੰ ਤਰਜੀਹ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਵਟਸਐਪ ਨੰਬਰ +919667729796 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ, ਉਮਰ 46 ਸਾਲ, ਯੋਗਤਾ ਡਬਲ ਐਮ ਏ, ਟ੍ਰਿਪਲ ਡਿਪਲੋਮਾ, ਸਰਕਾਰੀ ਜੌਬ, 15 ਸਾਲ ਦਾ ਤਜੁਰਬਾ, ਹੁਣ ਬੀਸੀ, ਕੈਨੇਡਾ ਵਿਚ ਵਿਜਟਰ ਵੀਜ਼ੇ ਉਪਰ ਆਏ ਵਾਸਤੇ ਕੈਨੇਡੀਅਨ ਲੜਕੀ ਦੀ ਲੋੜ ਹੈ। ਲੜਕੇ ਦੀ ਪੰਜਾਬ ਵਿਚ ਆਪਣੀ ਸ਼ਹਿਰੀ ਕੋਠੀ ਤੇ ਪਿੰਡ ਵਿਚ ਜ਼ਮੀਨ ਹੈ। ਚਾਹਵਾਨ ਸੰਪਰਕ ਕਰੋ । ਫੋਨ ਨੰਬਰ- 778-598- 9013 ਜਾਂ ਇੰਡੀਆ ਵਟਸਐਪ ਨੰਬਰ 98724-39814

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੈਲਟਾ ਤੌਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

37 ਸਾਲਾਂ 5' 6" ਅਨਮੈਰਿਡ ਹਿੰਦੂ ਵਰਮਾ ਵਰਕ ਪਰਮਿਟ ਸਰੀ 'ਚ ਰਹਿੰਦੇ ਸੋਹਣੇ ਮੁੰਡੇ (ਇੰਡੀਅਨ ਬੈਕਗਰਾਊਂਡ ਪੰਜਾਬ) ਲਈ ਸਿਟੀਜ਼ਨ/ਪੀ.ਆਰ., ਸਟੂਡੈਂਟ ਵੀਜ਼ਾ, ਟੈਂਮਪਰੇਰੀ ਵੀਜ਼ਾ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ।
ਸੰਪਰਕ ਕਰੋ:- 7783210986
Exp. 6 Jan

### ਵਰ ਦੀ ਲੋੜ

ਵੈਨਕੂਵਰ ਰਹਿ ਰਹੀ ਸੁਹਣੀ ਸੁਨੱਖੀ, ਜੱਟ ਸਿੱਖ ਪਰਿਵਾਰਕ, ਮਿਹਨਤੀ ਲੜਕੀ, ਉਮਰ 26 ਸਾਲ, ਕੱਦ 5'5", ਬੀ.ਟੈੱਕ ਕੰਪਿਊਟਰ ਸਾਇੰਸ, ਨੈਨੀ ਦੀ ਪੀ.ਆਰ. ਫਾਈਲ ਲੱਗੀ ਹੋਈ ਹੈ, ਲਈ ਜੱਟ ਸਿੱਖ ਵਰ ਦੀ ਲੋੜ ਹੈ। ਸੰਪਰਕ- 778-710-9766
26 Jan-5

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6'1", ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਸਟੂਡੈਂਟ ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-916-2959
26 Jan-5

### ਵਰ ਦੀ ਲੋੜ

ਕੈਨੇਡੀਅਨ ਸਿਟੀਜ਼ਨ ਜੱਟ ਸਿੱਖ ਬਰਾੜ, ਉਮਰ 29 ਸਾਲ, ਕੱਦ 5'6", ਦੋ ਸਾਲਾ ਬਿਜਨਸ ਡਿਪਲੋਮਾ ਅਤੇ ਇਮੀਗਰੇਸ਼ਨ ਲਾਇਸੈਂਸ ਹੋਲਡਰ, ਇੰਸ਼ੋਰੈਂਸ ਅਤੇ ਇਮੀਗਰੇਸ਼ਨ ਦਾ ਕੰਮ ਕਰ ਰਹੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਮਾਲਵਾ ਜਾਂ ਸਰੀ ਨੂੰ ਪਹਿਲ। ਸੰਪਰਕ: 236-591-2719 (Whats app)

### ਆਫਿਸ ਲਈ ਸਪੇਸ ਕਿਰਾਏ/ਲੀਜ਼ 'ਤੇ

500 ਫੁੱਟ ਤੋਂ 1000 ਸੁਕੂਏਅਰ ਫੁੱਟ, ਸਕੋਟ ਰੋਡ 'ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਚਾਚੇ ਜੁੰਮੇ ਦੀ ਜਾਇਦਾਦ....

**ਗੁਰਭਜਨ ਗਿੱਲ**

ਮਿਸਟਰ ਜੋਸ਼ੂਆ ਫ਼ਜ਼ਲ ਦੀਨ ਦੀ ਇੱਕ ਕਹਾਣੀ ਚਾਚੇ ਜੁੰਮੇ ਦੀ ਜਾਇਦਾਦ ਸਾਡੇ ਵੇਲੇ ਦਸਵੀਂ ਦੀ ਪੰਜਾਬੀ ਕਿਤਾਬ ਸਾਹਿੱਤ ਭੂਸ਼ਨ ਵਿੱਚ ਹੁੰਦੀ ਸੀ। ਇਸ ਵਿਚਲਾ ਚਾਚਾ ਜੁੰਮਾ ਬੁਢਾਪੇ ਕੱਲ ਮੁ ਕੱਲ੍ਹਾ ਰਹਿੰਦਾ ਸੀ। ਕੋਈ ਰਿਸ਼ਤੇਦਾਰ ਨੇੜੇ ਨਹੀਂ ਸੀ ਆਉਂਦਾ। ਇੱਕ ਨੌਕਰ ਹੀ ਉਸ ਦੀ ਸੇਵਾ ਸੰਭਾਲ ਕਰਦਾ ਸੀ। ਚਾਚੇ ਜੁੰਮੇ ਨੇ ਮਰਨ ਤੋਂ ਪਹਿਲਾਂ ਸਾਰੇ ਰਿਸ਼ਤੇਦਾਰ ਖ਼ਤ ਲਿਖ ਕੇ ਬੁਲਾ ਲਏ ਕਿ ਮੈ ਮਰਨ ਤੋਂ ਪਹਿਲਾਂ ਆਪਣੀ ਸਾਰੀ ਜਾਇਦਾਦ ਸਭ ਰਿਸ਼ਤੇਦਾਰਾਂ ਨੂੰ ਵਸੀਅਤ ਕਰਕੇ ਵੰਡਣੀ ਚਾਹੁੰਦਾ ਹਾਂ। ਰਿਸ਼ਤੇਦਾਰ ਆ ਗਏ। ਰੋਟੀ ਪਾਣੀ ਖਾ ਕੇ ਵਿਹਲੇ ਹੋਏ ਤਾਂ ਚਾਚੇ ਨੇ ਸਾਰੇ ਆਲ ਦੁਆਲੇ ਬਿਠਾ ਲਏ।

ਘਰ ਖਾਣ ਨੂੰ ਨਹੀਂ, ਮਾਂ ਪੀਹਣ ਗਈ ਏ। ਇਹ ਹਾਲਤ ਹੈ ਪੰਜਾਬ ਦੀ। ਕੋਈ ਅਠਾਰਾਂ ਨੁਕਤੇ ਚੁੱਕੀ ਫਿਰਦੈ, ਕੋਈ ਤੇਰਾਂ ਚੌਧਾਂ। ਕਹਿੰਦੇ ਨੇ ਇੱਕ ਮੌਕਾ ਦੇ ਦਿਉ, ਧੋਣੇ ਧੋ ਦਿਆਂਗੇ। ਅਸੀਂ ਪੁੱਛਦੇ ਹੀ ਨਹੀਂ ਕਿ ਪੰਜਾਬ ਤਾਂ ਪਹਿਲਾਂ ਹੀ ਧੋ ਧੋ ਕੇ ਤੁਸੀਂ ਤੰਦਾ ਤੀਰੀ ਕਰ ਦਿੱਤਾ ਹੈ, ਹੋਰ ਕੀ ਧੋਵੋਗੇ ? ਤੁਹਾਡੇ ਧੋਬੀ ਘਾਟ ਦੇ ਪਹਿਲਾਂ ਹੀ ਪੱਟੇ ਹੋਏ ਹਾਂ। ਫਿਰ ਕੀ ਕਰੀਏ ? ਸੁਣੋ !

ਲਿਫ਼ਾਫ਼ਾ ਖ਼ੋਲ੍ਹ ਕੇ ਵਸੀਅਤ ਪੜ੍ਹਨ ਲੱਗਾ। ਉਸ ਦੱਸਿਆ ਕਿ ਫਲਾਣੀ ਜਾਇਦਾਦ ਮੇਰੇ ਫਲਾਣੇ ਰਿਸ਼ਤੇਦਾਰ ਨੂੰ ਮੇਰੇ ਮਰਨ ਮਗਰੋਂ ਮਿਲੇਗੀ। ਵੰਡ ਵੰਡਾਈ ਉਲਾਰ ਸਮਝ ਕੇ ਨੇੜਲੇ ਰਿਸ਼ਤੇਦਾਰ ਬੁੜ ਬੁੜ ਕਰਨ ਲੱਗੇ। ਅੰਤ ਚ ਉਸ ਕਿਹਾ ਕਿ ਆਹ ਕੋਠਾ, ਜਿਸ ਚ ਮੈਂ ਰਹਿੰਦਾ ਹਾਂ ਇਹ ਮੇਰੇ ਨੌਕਰ ਨੂੰ ਮਿਲੇਗਾ ਕਿਉਂਕਿ ਇਸ ਮੇਰੀ ਬਹੁਤ ਸੇਵਾ ਸੰਭਾਲ ਕੀਤੀ ਹੈ। ਇੱਕ ਸਿਆਣੇ ਨੇ ਚਾਚੇ ਦੀ ਚਾਲ ਸਮਝ ਕੇ ਪੁੱਛ ਹੀ ਲਿਆ ਕਿ ਬਾਕੀ ਰਿਸ਼ਤੇਦਾਰਾਂ ਨੂੰ ਵੰਡੀ ਜਾਇਦਾਦ ਕਿੱਥੇ ਹੈ ? ਚਾਚਾ ਜੁੰਮਾ ਖਿੜ ਖਿੜਾ ਕੇ ਹੱਸ ਪਿਆ ਤੇ ਬੋਲਿਆ ! ਇਹ ਤਾਂ ਮੈਨੂੰ ਵੀ ਪਤਾ ਨਹੀਂ ? ਮੈਨੂੰ ਤਾਂ ਏਸੇ ਕੱਚੇ ਕੋਠੜੇ ਦਾ ਹੀ ਪਤਾ ਹੈ ਜੋ ਨੌਕਰ ਨੂੰ ਦੇਣਾ ਹੈ। ਚਾਚੇ ਨੇ ਖ਼ੁਦਗਰਜ਼ ਰਿਸ਼ਤੇਦਾਰਾਂ ਨੂੰ ਜਿਹੜਾ ਸ਼ੀਸ਼ਾ ਵਿਖਾਇਆ ਉਹ ਸ਼ੀਸ਼ਾ ਫਿਰ ਸਾਫ਼ ਕਰਕੇ ਵਰਤਮਾਨ ਕੁਰਸੀਧਾਰੀਆਂ ਤੇ ਕੁਰਸੀ ਅਭਿਲਾਖੀਆਂ ਨੂੰ ਵਿਖਾਉਣਾ ਚਾਹੀਦਾ ਹੈ। ਹਰ ਰੰਗ ਦਾ ਸਿਆਸਤਦਾਨ ਹਰ ਰੋਜ਼ ਨਵੇਂ ਲਾਰੇ ਤੇ ਨਾਅਰੇ ਪਰੋਸ ਰਿਹਾ ਹੈ। ਇਨ੍ਹਾਂ ਨੂੰ ਇਹ ਜ਼ਰੂਰ ਪੁੱਛੋ ਕਿ ਇਹ ਸੁਖ ਸਹੂਲਤਾਂ ਦਿਉਗੇ ਕਿੱਥੋਂ ? ਆਪ ਨੰਗ ਬਾਪ ਨੰਗ ਤੀਜੇ ਨੰਗ ਨਾਨਕੇ। ਘਰ ਖਾਣ ਨੂੰ ਨਹੀਂ, ਮਾਂ ਪੀਹਣ ਗਈ ਏ। ਇਹ ਹਾਲਤ ਹੈ ਪੰਜਾਬ ਦੀ। ਕੋਈ ਅਠਾਰਾਂ ਨੁਕਤੇ ਚੁੱਕੀ ਫਿਰਦੈ, ਕੋਈ ਤੇਰਾਂ ਚੌਧਾਂ। ਕਹਿੰਦੇ ਨੇ ਇੱਕ ਮੌਕਾ ਦੇ ਦਿਉ, ਧੋਣੇ ਧੋ ਦਿਆਂਗੇ। ਅਸੀਂ ਪੁੱਛਦੇ ਹੀ ਨਹੀਂ ਕਿ ਪੰਜਾਬ ਤਾਂ ਪਹਿਲਾਂ ਹੀ ਧੋ ਧੋ ਕੇ ਤੁਸੀਂ ਤੰਦਾ ਤੀਰੀ ਕਰ ਦਿੱਤਾ ਹੈ, ਹੋਰ ਕੀ ਧੋਵੋਗੇ ? ਤੁਹਾਡੇ ਧੋਬੀ ਘਾਟ ਦੇ ਪਹਿਲਾਂ ਹੀ ਪੱਟੇ ਹੋਏ ਹਾਂ। ਫਿਰ ਕੀ ਕਰੀਏ ? ਸੁਣੋ ! ਇਨ੍ਹਾਂ ਲਾਰੇਬਾਜ਼ਾਂ ਨੂੰ ਸਿਰਫ਼ ਆਪਣਾ ਏਜੰਡਾ ਦੱਸੋ ! ਉਸ ਨੂੰ ਵੋਟ ਪਾਵਾਂਗੇ—

- ਜੋ ਸਰਕਾਰੀ ਖ਼ਜ਼ਾਨੇ ਤੋਂ ਇੱਕ ਤੋਂ ਵੱਧ ਪੈਨਸ਼ਨ ਨਹੀਂ ਲਵੇਗਾ।
- ਸੁਰੱਖਿਆ ਛਤਰੀ ਜੰਮ ਜੰਮ ਲਵੇ ਪਰ ਖ਼ਰਚਾ ਕੋਲੋਂ ਕਰੇ, ਸਰਕਾਰੀ ਖ਼ਜ਼ਾਨੇ 'ਚੋਂ ਨਹੀਂ।
- ਭੋਗਾਂ ਵਿਆਹਾਂ ਤੇ ਸਰਕਾਰੀ ਸਵਾਰੀ ਲੈ ਕੇ ਨਹੀਂ ਜਾਵਾਂਗਾ, ਨਿਜੀ ਸਾਧਨ ਵਰਤਾਂਗਾ।
- ਇਲਾਜ ਲਈ ਸਰਕਾਰੀ ਖ਼ਰਚ ਤੇ ਬਦੇਸ਼ ਨਹੀਂ ਜਾਵਾਂਗਾ। ਆਪਣੇ ਹਲਕੇ ਦੇ ਹਸਪਤਾਲ ਚ ਇਲਾਜ ਕਰਾਵਾਂਗਾ।
- ਆਪਣੇ ਬਾਲ ਬੱਚੇ, ਪੁੱਤ ਪੋਤਰੇ ਸਰਕਾਰੀ ਸਕੂਲਾਂ ਚ ਪੜ੍ਹਾਵਾਂਗਾ।
- ਜਿਹੜੀ ਚੀਜ਼ ਪੈਦਾ ਕਰਨ, ਖ਼ਰੀਦਣ ਤੇ ਉਸਾਰਨ ਤੇ ਖ਼ਰਚ ਆਉਂਦਾ ਹੈ, ਉਹ ਮੁਫ਼ਤ ਦੇਣ ਦਾ ਇਕਰਾਰ ਨਹੀਂ ਕਰਾਂਗਾ।
- ਆਪਣਾ ਟੱਬਰ ਬਦੇਸ਼ਾਂ ਚ ਸੈੱਟ ਕਰਨ ਵਾਲੇ ਰਾਹ ਨਹੀਂ ਤੁਰਾਂਗਾ।
- ਜਿਸ ਹਲਕੇ ਦੀ ਪ੍ਰਤੀਨਿਧਤਾ ਕਰਨੀ ਹੈ, ਉਥੇ ਹੀ ਰਹਾਂਗਾ।
- ਪ੍ਰਾਇਮਰੀ ,ਸਕੂਲ ਤੇ ਕਾਲਿਜ ਦੀ ਸਿੱਖਿਆ ਦੇਣ ਵਾਲੇ ਅਧਿਆਪਕ ਭਰਤੀ ਕਰਨ ਤੋਂ ਇਲਾਵਾ ਬੁਨਿਆਦੀ ਢਾਂਚਾ ਉਸਾਰਾਂਗਾ।
- ਜਿਹੜਾ ਮੈਨੀਫੈਸਟੋ ਦੇ ਰਹੇ ਹੋ, ਉਹ ਕਾਨੂੰਨੀ ਦਸਤਾਵੇਜ਼ ਬਣਾਵਾਂਗੇ। ਵੋਟਰਾਂ ਨੂੰ ਭਰਮਾਉਣ ਉਪਰੰਤ ਕੂੜੇ ਦੇ ਢੇਰ ਚ ਨਹੀਂ ਸੁੱਟਾਂਗੇ।
- ਕੋਮਲ ਕਲਾਵਾਂ, ਖੇਡਾਂ, ਸਾਹਿੱਤ ਤੇ ਸਭਿਆਚਾਰ ਦੇ ਵਿਕਾਸ ਲਈ ਸਮਾਂਬੱਧ ਯੋਜਨਾ ਤੇ ਪੂਰਤੀ ਦਾ ਖ਼ਾਕਾ ਦੱਸਾਂਗੇ।
- ਜ਼ਾਤ ਆਧਾਰਿਤ ਰਾਖਵਾਂਕਰਨ ਇੱਕ ਵਾਰ ਲੈਣ ਉਪਰੰਤ ਉਸ ਦੀ ਅਗਲੀ ਪੀੜ੍ਹੀ ਇਹ ਸਹੂਲਤ ਹਾਸਲ ਨਹੀਂ ਕਰ ਸਕੇਗੀ। ਇਸ ਲਈ ਉਹ ਪਾਰਟੀ ਨੀਤੀ ਸਪਸ਼ਟ ਕਰੇ।
- ਸੇਵਾ ਮੁਕਤ ਚੋਟੀ ਦੇ ਪ੍ਰਸ਼ਾਸਕਾਂ ਨੂੰ ਸਿਆਸੀ, ਪ੍ਰਬੰਧਕੀ ਤੇ ਸਲਾਹਕਾਰੀ ਸੇਵਾਵਾਂ ਲਈ ਭਾੜੇ ਤੇ ਨਾ ਲਿਆ ਜਾਵੇ। ਕਮਿਸ਼ਨ,ਕੁਰਸੀਆਂ ਤੇ ਮੋਟੇ ਲਾਭ ਵਾਲੀਆਂ ਥਾਵਾਂ ਤੇ ਟੈਕਨੋਕਰੇਟ ਤੇ ਸਿਖਿਆ ਪ੍ਰਮੁੱਖ ਨਿਸ਼ਕਾਮ ਨਿਯੁਕਤ ਕਰਨ ਦਾ ਇਕਰਾਰ ਕਰੋ।
- ਹਰ ਪਾਰਟੀ ਘੱਟੋ ਘੱਟ ਗਰੈਜੂਏਟ ਉਮੀਦਵਾਰਾਂ ਨੂੰ ਟਿਕਟ ਦੇਵੇ ਤਾਂ ਜੋ ਉਹ ਵਿਅਕਤੀ ਵਿਧਾਨ ਸਭਾ ਕਾਰਵਾਈ ਤਾਂ ਨਿਭਾਉਣਯੋਗ ਹੋਵੇ।
- ਸਿਆਸਤਦਾਨ ਦੀ ਸੇਵਾ ਮੁਕਤੀ ਸੀਮਾ ਵੀ ਸਰਕਾਰੀ ਸੇਵਾ ਅਨੁਸਾਰ ਹੋਵੇ।
- ਪੰਜਾਬ ਸਿਰ ਚੜ੍ਹੇ ਕਰਜ਼ੇ ਦੀ ਮੁਕਤੀ ਲਈ ਢੰਗ ਤਰੀਕਾ ਦੱਸੋ। ਕਰਜ਼ਾ ਕਿਉਂ ਚੜ੍ਹਿਆ, ਇਸ ਬਾਰੇ ਵਾਈਟ ਪੇਪਰ ਜਾਰੀ ਕੀਤਾ ਜਾਵੇ।
- ਖੇਤੀਬਾੜੀ, ਉਦਯੋਗ ਤੇ ਵਪਾਰ ਲਈ ਪੁਨਰ ਸੁਰਜੀਤੀ ਯੋਜਨਾ ਦੱਸੋ ਤੇ ਹੁਣ ਤੀਕ ਕੀਤੇ ਕੰਮਾਂ ਦੀ ਰੀਪੋਰਟ ਕਾਰਡ ਦਿਉ।
- ਸਿਆਸਤ ਚ ਆਉਣ ਮਗਰੋਂ ਦੇਸ਼ ਬਦੇਸ਼ ਚ ਵਧਾਈ ਜਾਇਦਾਦ, ਕਾਰੋਬਾਰਾਂ ਦੇ ਵੇਰਵੇ ਜਨਤਕ ਕਰੋ।
- ਸਿਆਸਤ ਚ ਆਪਣੀ ਟਰਮ ਦੌਰਾਨ ਕੋਈ ਵੀ ਚੁਣਿਆ ਪ੍ਰਤੀਨਿਧ ਨਾਲ ਨਾਲ ਉਵੇਂ ਹੀ ਵਾਧੂ ਧੰਦਾ ਨਹੀਂ ਕਰੇਗਾ, ਜਿਵੇਂ ਸਰਕਾਰੀ ਨੌਕਰ ਨਹੀਂ ਕਰ ਸਕਦੇ।
- ਹੋਰ ਕੁਝ ਨਹੀਂ ਚਾਹੀਦਾ। ਪਤਾ ਨਹੀਂ ਕਿਉਂ ? ਚਾਚਾ ਜੁੰਮਾ ਸਵੇਰੇ ਸਵੇਰੇ ਚੇਤੇ ਆ ਗਿਆ।

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

METRO CONTRACTING LTD.
Excavation
Demolition
Sand & Gravel
Drain tikes
Back Fill
Trucking
Backhoe Service
Land Clearing
Hourly or Contract


Residential & Commercial
Gurvinder Sanghera: 604-729-1435
Email: gsanghera77@gmail.com

ਸਿਹਤਨਾਮਾ

# ਸੀਲੀਅਕ ਡੀਜੀਜ : ਪਹਿਚਾਣ ਤੇ ਇਲਾਜ



### ਕੀ ਇਸ ਬੀਮਾਰੀ ਕਾਰਨ ਆਂਦਰਾਂ ਵਿੱਚ ਕੈਂਸਰ ਵੀ ਹੋ ਸਕਦਾ ਹੈ ?


ਜੇ ਕਰ ਇਸ ਬੀਮਾਰੀ ਲਈ ਦੱਸੀ ਗਈ ਖੁਰਾਕ ਦਾ ਅਮਲ ਨਾ ਕੀਤਾ ਜਾਏ ਤਾਂ ਛੋਟੀਆਂ ਆਂਦਰਾਂ ਵਿੱਚ ਲਿਮਫੋਮਾ ਨਾਂ ਦਾ ਕੈਂਸਰ ਹੋਣ ਦਾ ਮਾਮੂਲੀ ਜਿਹਾ ਖ਼ਤਰਾ ਹੋ ਸਕਦਾ ਹੈ। ਇਸ ਕਰਕੇ ਗਲੂਟਨ ਰਹਿਤ ਖੁਰਾਕ ਖਾਣੀ ਬਹੁਤ ਜਰੂਰੀ ਹੈ।



ਡਾ: ਕਰਨੈਲ ਸਿੰਘ ਸ਼ੇਰਗਿੱਲ
ਫੈਮਲੀ ਡਾਕਟਰ ਤੇ ਪੇਟ ਦੀਆਂ ਬੀਮਾਰੀਆਂ ਦੇ ਸ਼ਪੈਸ਼ਲਿਸਟ
00447803142642

### ਕੀ ਇਸ ਬੀਮਾਰੀ ਕਾਰਨ ਚਮੜੀ ਦੀ ਬੀਮਾਰੀ ਵੀ ਲੱਗ ਸਕਦੀ ਹੈ ?

ਹਾਂ ਲੱਗ ਸਕਦੀ ਹੈ। ਡਰਮੇਟਾਈਟਸ ਹਰਪੈਟੀਫੌਰਮਿਸ ਨਾਂ ਦਾ ਚਮੜੀ ਰੋਗ ਕਈ ਇੱਕ ਸੀਲੀਅਕ ਮਰੀਜ਼ਾਂ ਨੂੰ ਹੋ ਜਾਂਦਾ ਹੈ। ਇਸ ਨਾਲ ਸਰੀਰ ਤੇ ਛੋਟੇ ਛੋਟੇ ਦਾਣੇ ਨਿਕਲ ਆਉਂਦੇ ਹਨ ਜਿਹਨਾਂ ਉੱਪਰ ਬਹੁਤ ਹੀ ਜਿਆਦਾ ਖਾਜ ਹੁੰਦੀ ਹੈ। ਇਹ ਆਮ ਕਰਕੇ ਬਾਹਵਾਂ ਤੇ ਸ਼ੁਰੂ ਹੁੰਦੇ ਹਨ ਤੇ ਬਾਦ ਵਿੱਚ ਸਰੀਰ ਦੇ ਹੋਰ ਹਿੱਸਿਆਂ ਤੇ ਵੀ ਹੋ ਜਾਂਦੇ ਹਨ। ਚਮੜੀ ਦੀ ਇਹ ਬੀਮਾਰੀ ਦਾ ਸੀਲੀਅਕ ਡੀਜੀਜ ਨਾਲ ਕਾਫੀ ਸਬੰਧ ਰੱਖਦੀ ਹੈ ਤੇ ਡਰਮੇਟਾਈਟਸ ਦੇ ਕੁੱਝ ਇੱਕ ਮਰੀਜ਼ਾਂ ਨੂੰ ਸੀਲੀਅਕ ਡੀਜੀਜ ਵੀ ਹੋ ਜਾਂਦੀ ਹੈ।



### ਇਸ ਬੀਮਾਰੀ ਦੇ ਮਰੀਜ਼ਾਂ ਲਈ ਬਾਹਰਲੇ ਦੇਸਾਂ ਦੀ ਸੈਰ ਕਰਨ ਲਈ ਕੀ ਹਦਾਇਤਾਂ ਹਨ ?

ਸੀਲੀਅਕ ਮਰੀਜ਼ਾਂ ਨੂੰ ਦੀ ਬਾਹਰਲੇ ਦੇਸਾਂ ਦੀ ਸੈਰ ਕਰਨ ਵਿੱਚ ਕੋਈ ਕਠਨਾਈ ਨਹੀਂ ਹੁੰਦੀ ਪਰ ਸੈਰ ਦੌਰਾਨ ਅਜਿਹੀਆਂ ਵਸਤਾਂ ਨਹੀ ਖਾਣੀਆਂ ਚਾਹੀਦੀਆਂ ਜਿਹਨਾਂ ਵਿੱਚ ਗਲੂਟਨ ਹੋਵੇ। ਬਾਹਰਲੇ ਕਈ ਦੇਸ ਵਿੱਚ ਖਾਣਿਆਂ ਤੇ ਹਦਾਇਤਾਂ ਨਹੀਂ ਲਿਖੀਆਂ ਹੁੰਦੀਆਂ, ਇਸ ਕਰਕੇ ਖਾਣੇ ਖਰੀਦਣ ਵੇਲੇ ਗਲੂਟਨ ਦਾ ਬਹੁਤ ਖਿਆਲ ਰੱਖਣਾ ਚਾਹੀਦਾ ਹੈ। ਭਾਰਤ ਨੂੰ ਜਾਣ ਵਾਲੇ ਸੀਲੀਅਕ ਮਰੀਜ਼ ਮੱਕੀ ਦੀ ਰੋਟੀ, ਸਾਗ, ਮੀਟ, ਦਾਲਾਂ, ਪਨੀਰ, ਮੱਛੀ, ਚਾਵਲ, ਦਹੀਂ ਤੇ ਛੋਲਿਆਂ ਦੇ ਮੈਦੇ ਤੋਂ ਬਣੀਆਂ ਸੁਗਾਤਾਂ ਤੇ ਹੋਰ ਕਈ ਸਬਜ਼ੀਆਂ ਵੀ ਖਾ ਸਕਦੇ ਹਨ। ਯਾਦ ਰਹੇ ਕਿ ਜੌਆਂ ਦੇ ਆਟੇ ਤੇ ਇਸ ਤੋਂ ਬਣੀਆਂ ਵਸਤਾਂ ਵਿੱਚ ਗਲੂਟਨ ਹੁੰਦਾ ਹੈ।

### ਕੀ ਸੀਲੀਅਕ ਬੀਮਾਰੀ ਦਾ ਇੰਸ਼ੋਰੇਂਸ ਕਰਵਾਉਣ ਵੇਲੇ ਵੀ ਕੋਈ ਫਰਕ ਪੈਂਦਾ ਹੈ ?

ਹੋ ਸਕਦਾ ਹੈ ਕਿ ਇੰਸ਼ੋਰੇਂਸ ਕੰਪਨੀਆਂ ਤੁਹਾਡੀ ਪਾਲਿਸੀ ਦੇ ਪ੍ਰੀਮੀਅਮ ਜਿਆਦਾ ਕਰ ਦਏ ਪਰ ਕੰਪਨੀ ਤੋਂ ਇੰਸ਼ੋਰੇਂਸ ਕਰਨ ਤੋਂ ਪਹਿਲਾਂ ਕਈ ਕੰਪਨੀਆਂ ਦੇ ਏਜੰਟਾਂ ਤੋਂ ਪੁੱਛ-ਪੜਤਾਲ ਕਰਨੀ ਚਾਹੀਦੀ ਹੈ। ਹੋ ਸਕਦਾ ਹੈ ਕਿ ਕਈ ਕੰਪਨੀਆਂ ਪ੍ਰੀਮੀਅਮ ਨਾ ਵਧਾਉਣ ਤੇ ਜਾਂ ਫਿਰ ਘੱਟ ਕਰ ਦੇਣ।

### ਗਲੂਟਨ ਵਾਲੇ ਭੋਜਨ ਕਿਹੜੇ ਕਿਹੜੇ ਹਨ ?

• ਅਨਾਜ ਜਿਸ ਵਿੱਚ ਗਲੂਟਨ ਹੁੰਦਾ ਹੈ • ਕਣਕ • ਰਾਈ • ਜੌਂ • ਟਰਿਟੀਕੇਲ, ਕਣਕ ਅਤੇ ਰਾਈ ਦਾ ਇੱਕ ਮਿਕਸ ਬਰੈਡ • ਸੀਟਨ, ਜੋ ਅਕਸਰ ਮੀਟ ਦੇ ਬਦਲ ਵਜੋਂ ਵਰਤਿਆ ਜਾਂਦਾ ਹੈ • ਕਣਕ ਦੀਆਂ ਕਿਸਮਾਂ ਅਤੇ ਕਣਕ ਤੋਂ ਬਣੇ ਪਦਾਰਥ ਜਿਵੇਂ ਕਿ: ਸਪੈਲਟ, ਡੁਰਮ, ਕੂਸਕੁਸ, ਸੂਜੀ, ਫਰੀਨਾ, ਫਾਰੋ, ਕਾਮੂਟ, ਈਨਕੋਰਨ, ਕਣਕ ਦੀਆਂ ਬੇਰੀਆਂ, ਬਲਗੁਰ, ਕਣਕ ਦਾ ਭੂਰਾ, ਕਣਕ ਦਾ ਸਟਾਰਚ, ਕਣਕ ਦੇ ਕੀਟਾਣੂ, ਐਮਰ, ਅਤੇ ਗ੍ਰਾਹਮ ਆਟਾ

ਭੋਜਨ ਜਿਨ੍ਹਾਂ ਵਿੱਚ ਆਮ ਤੌਰ 'ਤੇ ਗਲੂਟਨ ਹੁੰਦਾ ਹੈ

- ਰੋਟੀਆਂ, ਬੈਗਲਸ, ਫਲੈਟਬ੍ਰੇਡ ਅਤੇ ਪੀਟਾ ਸਮੇਤ
- ਪਾਸਟਾ ਅਤੇ ਕੁਝ ਹੋਰ ਨੂਡਲਜ਼
- ਕੇਕ, ਕਰੈਕਰ ਅਤੇ ਬਿਸਕੁਟ
- ਪਕੌੜੇ ਅਤੇ ਪੇਸਟਰੀ
- ਰੋਟੀ ਦੇ ਟੁਕੜੇ ਅਤੇ ਕਰੂਟੋਨਜ
- ਨਾਸ਼ਤੇ ਵਾਲੇ ਸੀਰੀਅਲਜ
- ਆਟੇ ਨਾਲ ਮਿਕਸ ਬਹੁਤ ਸਾਰੇ ਮੀਟ
- ਮਾਲਟ, ਜਿਵੇਂ ਕਿ ਮਾਲਟ ਤੋਂ ਬਣੇ ਸ਼ਰਬਤ, ਤੇ ਸਿਰਕਾ
- ਖ਼ਮੀਰ
- ਫ੍ਰੈਂਚ ਫ੍ਰਾਈਜ਼
- ਗ੍ਰੇਵੀਜ਼ ਅਤੇ ਸਾਸ
- ਸਲਾਦ ਡ੍ਰੈਸਿੰਗ, ਮੈਰੀਨੇਡ ਅਤੇ ਸਿਰਕੇ
- ਸੂਪ
- ਪ੍ਰੋਸੈਸਡ ਮੀਟ
- ਸੋਇਆ ਸਾਸ
- ਆਲੂ ਜਾਂ ਟੌਰਟਿਲਾ ਚਿਪਸ
- ਬਾਰ ਅਤੇ ਸਮਾਨ ਸਨੈਕਸ
- ਅਨਾਜ ਅਤੇ granolas
- ਸਟੱਫਿੰਗ
- ਰੈਸਟੋਰੈਂਟ ਵਿੱਚ ਅੰਡੇ ਦੇ ਪਕਵਾਨ
- ਸ਼ਰਾਬਾਂ ਜਿਹਨਾਂ ਵਿੱਚ ਗਲੂਟਨ ਹੁੰਦਾ ਹੈ।
- ਬੀਅਰ
- ਏਲ
- ਲਗਰ
- ਮਾਲਟ ਵਿਸਕੀਆਂ
- ਵਾਈਨ

ਹਾਲਾਂਕਿ, ਇਹਨਾਂ ਵਿੱਚੋਂ ਬਹੁਤ ਸਾਰੇ ਡ੍ਰਿੰਕਸ ਦੀਆਂ ਗਲੂਟਨ-ਮੁਕਤ ਕਿਸਮਾਂ ਉਪਲੱਬਧ ਹਨ। ਨਾਲ ਹੀ, ਜ਼ਿਆਦਾਤਰ ਡਿਸਟਿਲ ਅਲਕੋਹਲ ਵਾਲੇ ਪੀਣ ਵਾਲੇ ਪਦਾਰਥ ਗਲੂਟਨ-ਮੁਕਤ ਹੁੰਦੇ ਹਨ।

ਗੈਰ-ਭੋਜਨ ਵਸਤੂਆਂ ਜਿਹਨਾਂ ਵਿੱਚ ਗਲੂਟਨ ਵੀ ਹੋ ਸਕਦਾ ਹੈ:

- ਦਵਾਈਆਂ, ਵਿਟਾਮਿਨ ਅਤੇ ਦੇਸੀ ਦੁਆਈਆਂ
- ਲਿਪਸਟਿਕ ਅਤੇ ਲਿਪ ਬਾਮ,
- ਬੱਚਿਆਂ ਦਾ ਖੇਡਣ ਵਾਲਾ ਆਟਾ
- ਵੇਫ਼ਰਸ
- ਅੰਤਰ-ਦੂਸ਼ਣ, ਗਲੂਟਨ-ਮੁਕਤ ਭੋਜਨ ਤਿਆਰ ਕਰਨ ਵੇਲੇ ਗਲੂਟਨ ਵਾਲੇ ਪਦਾਰਥਾਂ ਦਾ ਮਿਕਸ ਹੋਣਾ। ਜਿਵੇਂ
- ਕੱਟਣ ਵਾਲੇ ਬੋਰਡ, ਟੋਸਟ ਅਤੇ ਬਰਤਨ ਰਾਹੀਂ।
- ਸਾਂਝੇ ਭੋਜਨ ਦੇ ਡੱਬੇ, ਜਿਨ੍ਹਾਂ ਵਿੱਚ ਮੱਖਣ, ਮੇਅਨੀਜ਼, ਜਾਂ ਮੂੰਗਫਲੀ ਦਾ ਮੱਖਣ ਹੋ ਸਕਦਾ ਹੈ।
- ਜਿੱਥੇ ਭੋਜਨ ਡੂੰਘੇ ਤਲੇ ਹੋਏ ਹਨ
- ਬੇਕਰੀ
- ਓਟ ਉਤਪਾਦਨ ਦੀਆਂ ਸਹੂਲਤਾਂ

ਚਲਦਾ....



# ਥੋੜ੍ਹਾ ਬੋਲਣ ਤੇ ਘੱਟ ਖਾਣ ਦੇ ਫਾਇਦੇ



ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਨ ।ਸਾਡਾ ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ। ਕੁਝ ਬੰਦੇ ਬਹੁਤ ਬੋਲਦੇ ਹਨ ਤੇ ਕੁਝ ਬਹੁਤ ਸੋਚ ਸਮਝ ਕੇ ਬੋਲਦੇ ਹਨ। ਵਾਕਈ ਸਾਨੂੰ ਸਾਰਿਆਂ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ ਤੇ ਆ ਜਾਂਦੇ ਹਨ। ਇੱਕ ਕਹਾਵਤ ਵੀ ਹੈ "ਬੋਲਿਆਂ ਨੇ ਬੋਲ ਵਿਗਾੜੇ ਮਿੰਨੀਆਂ ਨੇ ਘਰ ਉਜਾੜੇ" ਜ਼ਿਆਦਾ ਬੋਲਣ ਨਾਲ ਅਸੀਂ ਗਲਤ ਗੱਲਾਂ ਕਹਿ ਦਿੰਦੇ ਹਨ ।ਜਿੰਨ੍ਹਾਂ ਕਰਕੇ ਕੇ ਦੂਸਰੇ ਨੂੰ ਨੁਕਸਾਨ ਹੁੰਦਾ ਹੈ। ਕਈ ਵਾਰ ਤਾਂ ਇੰਨੀ ਕਾਹਲੀ ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣੈ ?ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ ।ਸਾਨੂੰ ਕ੍ਰੋਧ ਵਿੱਚ ਸਹਿਣਸ਼ੀਲ ਹੋਣਾ ਚਾਹੀਦਾ ਹੈ। ਹੋ ਸਕਦਾ ਹੈ ਉਹ ਬੰਦਾ ਕਿਸੇ ਗੱਲ ਕਰਕੇ ਪ੍ਰੇਸ਼ਾਨ ਹੋਵੇ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਜਾ ਜਦੋਂ ਅਸੀਂ ਸੋਚ ਸਮਝ ਕੇ ਬੋਲਦੇ ਹਨ ਤਾਂ , ਸੁਣਨ ਵਾਲਾ ਬਹੁਤ ਹੀ ਧਿਆਨ ਨਾਲ ਸੁਣਦਾ ਹੈ । ਸਿਆਣੇ ਅਕਸਰ ਕਹਿੰਦੇ ਹਨ ਕਿ ਸੌ ਵਾਰ ਸੋਚ ਕੇ ਬੋਲੋ ਜਾਂ ਪਹਿਲਾਂ ਤੋਲੋ ਫਿਰ ਵੱਲੋਂ। ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ। ਕਲੇਸ਼ ਵਰਗਾ ਮਾਹੌਲ ਘਰ ਵਿੱਚ ਪੈਦਾ ਹੁੰਦਾ ਹੈ ।ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜ੍ਹਦਾ । ਦੁੱਖ ਵਿੱਚ ਕੋਈ ਵੀ ਸ਼ਰੀਕ ਨਹੀਂ ਹੁੰਦਾ। ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ। ਪਰ ਜ਼ੁਬਾਨ ਇੰਨੀ ਕੜਵੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ। ਕਿਸੇ ਨੇ ਸਹੀ ਕਿਹਾ ਹੈ ਇਹੀ ਜ਼ੁਬਾਨ ਅਰਸ਼ ਤੋਂ ਫਰਸ਼ ਅਤੇ ਫਰਸ਼ ਤੋਂ ਅਰਸ਼ ਤੱਕ ਲੈ ਜਾਂਦੀ ਹੈ। ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ ਕਹਿ ਜਾਂਦੀਆਂ ਹਨ ।ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ ਜਿੱਥੇ ਤੁਹਾਡੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ। ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨ੍ਹਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ। ਅਜਿਹੇ ਲੋਕ ਲੋਕਾਂ ਵਿੱਚ ਆਪਣਾ ਇੱਜ਼ਤ ਮਾਣ ਖੋਹ ਲੈਂਦੇ ਹਨ । ਅਜਿਹਾ ਬੰਦਾ ਜਿੱਥੇ ਬੈਠਿਆ ਹੋਵੇ ਲੋਕ ਉਸ ਕੋਲ ਬੈਠਣਾ ਵੀ ਪਸੰਦ ਨਹੀਂ ਕਰਦੇ। ਸਾਡਾ ਸਮਾਜ ਵਿੱਚ ਕਈ ਅਜਿਹੀਆਂ ਸ਼ਖਸੀਅਤਾਂ ਨਾਲ ਵਾਹ ਪੈਂਦਾ ਹੈ ਕਿ ਜੋ ਬਹੁਤ ਹੀ ਘੱਟ ਬੋਲਦੀਆਂ ਹਨ, ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ । ਅਕਸਰ ਕਿਹਾ ਜਾਂਦਾ ਹੈ ਕਿ ਸੁਣੋ ਧਿਆਨ ਨਾਲ ਸਾਡੇ ਸਮਾਜ ਵਿੱਚ ਕਈ ਅਜਿਹੀਆਂ ਉਦਾਹਰਣਾਂ ਹਨ ।ਅਸੀਂ ਆਮ ਦੇਖਦੇ ਹਨ ਕਿ ਜਦੋਂ ਅਸੀਂ ਕੋਈ ਕੰਮ ਕਾਜ ਲਈ ਸਰਕਾਰੀ ਦਫਤਰਾਂ ਚ ਜਾਂਦੇ ਹਨ ਤੇ ਉੱਥੇ ਉੱਚ ਕੋਟੀ ਦੇ ਅਧਿਕਾਰੀ ਬਹੁਤ ਘੱਟ ਬੋਲਦੇ ਹਨ। ਉਹ ਅੱਖਾਂ ਅੱਖਾਂ ਨਾਲ ਹੀ ਬਹੁਤ ਕੁਝ ਸਮਝਾ ਜਾਂਦੇ ਹਨ। ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ,ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ ਤਾਂ ਹੀ ਜ਼ਿੰਦਗੀ ਨੂੰ ਖੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ। ਇਸੇ ਤਰ੍ਹਾਂ ਜੇ ਖਾਣ ਦੀ ਗੱਲ ਕਰੀਏ ਜਿੰਨਾ ਅਸੀਂ ਘੱਟ ਖਾਵਾਂਗੇ ਉਨ੍ਹਾਂ ਅਸੀ ਵਧੀਆ ਰਹਾਂਗੇ ।ਸਾਨੂੰ ਕਦੇ ਵੀ ਡਾਕਟਰਾਂ ਕੋਲ ਨਹੀਂ ਜਾਣਾ ਪਵੇਗਾ। ਕਿਸੇ ਨੇ ਠੀਕ ਹੀ ਕਿਹਾ ਹੈ ਕਿ "ਖਾਣ ਲਈ ਨਾ ਜੀਓ, ਜੀਣ ਲਈ ਖਾਓ। "ਅਕਸਰ ਅਸੀਂ ਦੇਖਦੇ ਹਨ ਕਿ ਵਿਆਹਾਂ,ਹੋਰ ਪ੍ਰੋਗਰਾਮਾਂ ਵਿੱਚ ਲੋਕ ਖਾਣੇ ਤੇ ਟੁੱਟ ਕੇ ਪੈਂਦੇ ਹਨ। ਪੇਟ ਨੂੰ ਕੂੜੇ ਕਚਰੇ ਦਾ ਢੇਰ ਹੀ ਬਣਾ ਲੈਂਦੇ ਹਨ। ਇਸ ਤਰ੍ਹਾਂ ਬੇਸਬਰੀਆਂ ਦੀ ਤਰ੍ਹਾਂ ਖਾਂਦੇ ਹਨ ਕਿ ਜਿਵੇਂ ਕਦੇ ਦੇਖਿਆ ਨਾ ਹੋਵੇ। ਫਿਰ ਬਾਅਦ ਵਿੱਚ ਪੇਟ ਨੂੰ ਫੜ ਕੇ ਫਿਰਦੇ ਰਹਿੰਦੇ ਹਨ। ਕਹਿੰਦੇ ਰਹਿੰਦੇ ਹਨ ਗੈਸ ਬਣ ਗਈ ,ਪੇਟ ਨੂੰ ਆਫਰਾਂ ਆ ਗਿਆ, ਤੇਜ਼ਾਬ ਬਣ ਰਿਹਾ ਹੈ, ਖੱਟੇ ਡਕਾਰ ਆ ਰਹੇ ਹਨ। ਭਲੇ ਮਾਨਸੋ !ਜੇ ਪੁੱਛਿਆ ਜਾਵੇ ਪੇਟ ਤਾਂ ਤੁਹਾਡਾ ਹੀ ਸੀ ਕਿਉਂ ਬੇਸਬਰਾ ਦੀ ਤਰ੍ਹਾਂ ਖਾਂਦੇ ਹੋ। ਅਕਸਰ ਅਜਿਹਾ ਉਹੀ ਲੋਕ ਕਰਦੇ ਹਨ ਜੋ ਆਪਣੇ ਘਰਾਂ ਵਿੱਚ ਖਾਣ ਪੀਣ ਲਈ ਚੀਜ਼ਾਂ ਨਹੀਂ ਲਿਆਉਂਦੇ। ਬੱਸ ਵਿਆਹਾਂ ਹੋਰ ਪ੍ਰੋਗਰਾਮਾਂ ਦੀ ਉਡੀਕ ਹੀ ਕਰਦੇ ਰਹਿੰਦੇ ਹਨ, ਕੀ ਕਦੋਂ ਕੋਈ ਪ੍ਰੋਗਰਾਮ ਆਵੇ ਤੇ ਉੱਥੇ ਰੱਜ ਕੇ ਪੇਟ ਭਰ ਖਾਈਏ ।ਇਹ ਨਹੀਂ ਸੋਚਦੇ ਕਿ ਇੱਕ ਦਿਨ ਦੇ ਖਾਣ ਨਾਲ ਫਿਰ ਦਸ ਦਿਨ ਡਾਕਟਰਾਂ ਦੀਆਂ ਜਾਂ ਮੈਡੀਕਲ ਦੀਆਂ ਦੁਕਾਨਾਂ ਤੇ ਹਾਜ਼ਰੀ ਲਵਾਉਣੀ ਪੈਂਦੀ ਹੈ। ਅੱਜ ਕੱਲ੍ਹ ਤਾਂ ਵੈਸੇ ਹਰੇਕ ਚੀਜ ਮਿਲਾਵਟ ਵਾਲੀ ਹੈ ।ਬੜੇ ਸੋਚ ਸਮਝ ਕੇ ਹੀ ਖਾਣਾ ਚਾਹੀਦਾ ਹੈ ।ਅਕਸਰ ਘਰਾਂ ਚ ਵੀ ਦੇਖਣ ਨੂੰ ਮਿਲਦਾ ਹੈ ਕਿ ਕਈ ਪਰਿਵਾਰਾਂ ਵਿੱਚ ਬਾਹਰ ਤੋਂ ਖਾਣਾ ਮੰਗਵਾਇਆ ਜਾਂਦਾ ਹੈ ।ਚਲੋ ਕਈ ਵਾਰ ਦਿਲ ਵੀ ਕਰ ਜਾਂਦਾ ਹੈ ਕਿ ਬਾਹਰ ਤੋਂ ਖਾਣਾ ਮੰਗਵਾਇਆ ਜਾਵੇ। ਪਰ ਕਈ ਅਜਿਹੇ ਪਰਿਵਾਰ ਹਨ, ਜੋ ਦਿਨ ਵਿੱਚ ਇੱਕ ਸਮੇਂ ਦਾ ਖਾਣਾ ਬਾਹਰ ਤੋਂ ਮੰਗਵਾਉਂਦੇ ਹਨ। ਕਿਉਂਕਿ ਉਨ੍ਹਾਂ ਨੂੰ ਆਦਤ ਪੈ ਚੁੱਕੀ ਹੈ ਬਾਹਰ ਦਾ ਖਾਣਾ ਖਾਣ ਦੀ। ਕਿਉਂਕਿ ਉਹ ਜ਼ਿਆਦਾ ਮਸਾਲੇਦਾਰ ਹੁੰਦਾ ਹੈ ।ਹੁਣ ਇਹ ਨਹੀਂ ਪਤਾ ਹੁੰਦਾ ਕਿ ਉਹ ਖਾਣਾ ਸਰੀਰ ਲਈ ਕਿੰਨਾ ਨੁਕਸਾਨ ਦਾਇਕ ਹੁੰਦਾ ਹੈ। ਪਤਾ ਨਹੀਂ ਸਾਫ਼ ਸੁਥਰੀ ਰਸੋਈ ਵਿੱਚ ਉਹ ਖਾਣਾ ਬਣਾਇਆ ਜਾਂਦਾ ਹੈ ਜਾਂ ਨਹੀਂ ।ਸਾਨੂੰ ਹਮੇਸ਼ਾ ਘਰ ਦਾ ਸਾਫ ਸੁਥਰਾ ਖਾਣਾ ਹੀ ਖਾਣਾ ਚਾਹੀਦਾ ਹੈ। ਸਵੇਰ ਦਾ ਨਾਸ਼ਤਾ ਭਾਰੀ ਕਰਨਾ ਚਾਹੀਦਾ ਹੈ ।ਭਾਵ ਰਾਜੇ ਮਹਾਰਾਜਿਆਂ ਵਾਲਾ ਸ਼ਾਹੀ ਖਾਣਾ ਖਾਣਾ ਚਾਹੀਦਾ ਹੈ, ਮਤਲਬ ਘਰ ਦਾ ਬਣਿਆ ਸਾਫ਼ ਸੁਥਰਾ ਖਾਣਾ । ਦੁਪਹਿਰ ਦਾ ਖਾਣਾ ਉਸ ਤੋਂ ਹਲਕਾ ਖਾਣਾ ਚਾਹੀਦਾ ਹੈ। ਤੇ ਰਾਤ ਨੂੰ ਨਾ ਬਰਾਬਰ ਹੀ ਖਾਣਾ ਚਾਹੀਦਾ ਹੈ ,ਭਾਵ ਰਾਤ ਦਾ ਖਾਣਾ ਫਕੀਰ ਦੀ ਤਰ੍ਹਾਂ ਖਾਣਾ ਚਾਹੀਦਾ ਹੈ। ਕਿਉਂਕਿ ਰਾਤ ਨੂੰ ਮੰਜੇ ਤੇ ਸੌਣਾ ਹੀ ਹੁੰਦਾ ਹੈ। ਫਿਰ ਕੀ ਫਾਇਦਾ ਅਸੀਂ ਰਾਤ ਨੂੰ ਪੇਟ ਭਰ ਕੇ ਖਾਵਾਂਗੇ ਤਾਂ ਫਿਰ ਵਧੀਆ ਨੀਂਦ ਵੀ ਨਹੀਂ ਆਵੇਗੀ। ਸੋ ਘੱਟ ਬੋਲਣਾ ਅਤੇ ਘੱਟ ਖਾਣਾ ਕਦੇ ਵੀ ਨੁਕਸਾਨ ਨਹੀਂ ਕਰਦਾ।

BRITISH COLUMBIA

ਸਟ੍ਰੀਟ ਡਰੱਗਜ਼ (ਨਸ਼ੀਲੇ ਪਦਾਰਥ) ਕਾਰ ਹਾਦਸਿਆਂ ਦੀ ਤੁਲਨਾ ਵਿੱਚ ਜ਼ਿਆਦਾ ਲੋਕਾਂ ਨੂੰ ਮਾਰਦੀਆਂ ਹਨ।

ਕੋਈ ਵੀ ਖੁਰਾਕ ਘਾਤਕ ਹੋ ਸਕਦੀ ਹੈ।

ਬੀ.ਸੀ. ਵਿੱਚ 10 ਤੋਂ 18 ਸਾਲ ਦੀ ਉਮਰ ਦੇ ਲੋਕਾਂ ਲਈ ਸਟ੍ਰੀਟ ਡਰੱਗਜ਼ ਮੌਤ ਦਾ ਪ੍ਰਮੁੱਖ ਕਾਰਨ ਹਨ।

ਆਪਣੇ ਬੱਚਿਆਂ ਨਾਲ ਤੱਥਾਂ ਬਾਰੇ ਗੱਲ ਕਰੋ।

PoisonDrugs.gov.bc.ca

# ਰਿਤਿਕ ਅਤੇ ਦੀਪਿਕਾ ਦੀ 'ਫਾਈਟਰ' ਨੂੰ ਦਰਸ਼ਕਾਂ ਵੱਲੋਂ ਭਰਵਾਂ ਹੁੰਗਾਰਾ




ਮੁੰਬਈ: ਸਿਧਾਰਥ ਆਨੰਦ ਵੱਲੋਂ ਨਿਰਦੇਸ਼ਿਤ ਪਹਿਲੀ ਫਿਲਮ 'ਫਾਈਟਰ' ਅੱਜ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋ ਗਈ ਹੈ। ਦਰਸ਼ਕਾਂ ਨੂੰ ਫਿਲਮ ਵਿੱਚ ਰਿਤਿਕ ਰੌਸ਼ਨ ਤੇ ਦੀਪਿਕਾ ਪਾਦੂਕੋਨ ਦੀ ਜੋੜੀ ਅਤੇ ਫਿਲਮ ਦੀ ਕਹਾਣੀ ਬਹੁਤ ਪਸੰਦ ਆ ਰਹੀ ਹੈ। ਇਹ ਫਿਲਮ ਦੇਸ਼ਭਗਤੀ ਦਾ ਮੁਜੱਸਮਾ ਬਣ ਕੇ ਉਭਰ ਰਹੀ ਹੈ। ਫਿਲਮ ਵਿੱਚ ਰਿਤਿਕ ਰੌਸ਼ਨ ਸਕੁਐਡਰਨ ਲੀਡਰ ਸ਼ਮਸ਼ੇਰ ਪਠਾਨੀਆ ਉਰਫ਼ ਪੈਟੀ, ਦੀਪਿਕਾ ਪਾਦੂਕੋਨ ਸਕੁਐਡਰਨ ਲੀਡਰ ਮਿਨਾਲ ਰਾਠੌੜ ਉਰਫ਼ ਮਿਨੀ ਅਤੇ ਅਨਿਲ ਕੁਮਾਰ ਗਰੁੱਪ ਕੈਪਟਨ ਰਾਕੇਸ਼ ਜੈ ਸਿੰਘ ਉਰਫ਼ ਰੌਕੀ ਦੀ ਭੂਮਿਕਾ ਨਿਭਾਅ ਰਹੇ ਹਨ। ਇੱਕ ਪ੍ਰਸ਼ੰਸਕ ਨੇ ਫਿਲਮ ਦੀ ਤਾਰੀਫ਼ ਕਰਦਿਆਂ ਕਿਹਾ, "ਰਿਤਿਕ ਰੌਸ਼ਨ ਨੇ ਆਪਣੀ ਭੂਮਿਕਾ ਵਧੀਆ ਢੰਗ ਨਾਲ ਨਿਭਾਈ ਹੈ। ਉਹ ਅਸਲ ਵਿੱਚ ਹਵਾਈ ਸੈਨਾ ਦਾ ਅਫ਼ਸਰ ਲੱਗ ਰਿਹਾ ਹੈ। ਲੋਕਾਂ ਨੂੰ ਇਹ ਦੇਸ਼ ਭਗਤੀ ਨਾਲ ਭਰੀ ਹੋਈ ਫਿਲਮ ਜ਼ਰੂਰ ਵੇਖਣੀ ਚਾਹੀਦੀ ਹੈ।" ਇਸੇ ਤਰ੍ਹਾਂ ਇਕ ਹੋਰ ਪ੍ਰਸ਼ੰਸਕ ਨੇ ਕਿਹਾ, 'ਮੈਨੂੰ ਦੀਪਿਕਾ ਤੇ ਰਿਤਿਕ ਦੀ ਜੋੜੀ ਬਹੁਤ ਪਸੰਦ ਆਈ ਹੈ, ਹਾਲਾਂਕਿ ਫਿਲਮ ਦਾ ਸੰਗੀਤ ਮੁਕਾਬਲਤਨ ਮੱਧਮ ਲੱਗਿਆ ਹੈ।' ਇੱਕ ਹੋਰ ਦਰਸ਼ਕ ਨੇ ਫਿਲਮ ਦੀ ਕਹਾਣੀ ਦੀ ਸ਼ਲਾਘਾ ਕਰਦਿਆਂ ਕਿਹਾ, 'ਇਹ ਫਿਲਮ ਬਾਕਸ ਆਫਿਸ 'ਤੇ ਕਮਾਲ ਕਰੇਗੀ।'

## ਨਿੱਕੀਆਂ ਨਿੱਕੀਆਂ ਪਰ ਕੰਮ ਦੀਆਂ ਗੱਲਾਂ...

- ਕੁਝ ਸਮਾਂ ਪਹਿਲਾਂ ਆਲੂ ਚੀਰਨ ਨਾਲ ਆਲੂ ਕਾਲੇ ਹੋ ਜਾਂਦੇ ਹਨ। ਜੇ ਆਲੂ ਪਹਿਲਾਂ ਚੀਰ ਕੇ ਰੱਖਣੇ ਹੋਣ ਤਾਂ ਚੀਰੇ ਹੋਏ ਆਲੂਆਂ 'ਤੇ ਫਟਕੜੀ ਪਾਣੀ ਪਾ ਦਿਓ। ਆਲੂ ਕਾਲੇ ਨਹੀਂ ਹੋਣਗੇ।
- ਕੜ੍ਹੀ ਬਣਾਉਂਦੇ ਸਮੇਂ ਦਹੀਂ, ਬੇਸਣ ਘੋਲ ਵਿਚ ਪਾਉਣ ਤੋਂ ਪਹਿਲਾਂ ਪਾਣੀ ਪਾ ਦਿਓ। ਫਿਰ ਉਸ ਘੋਲ ਨੂੰ ਪਾਓ, ਕੜ੍ਹੀ ਫਟੇਗੀ ਨਹੀਂ।
- ਚੌਲ ਬਣਾਉਂਦੇ ਸਮੇਂ ਪਾਣੀ ਕੱਢੋ ਨਾ, ਉਸ ਵਾਸਤੇ ਚੌਲਾਂ ਵਿਚ ਇਕ ਚਮਚ ਘਿਓ ਪਾ ਦਿਓ। ਚੌਲ ਉਬਲ ਕੇ ਹੇਠਾਂ ਨਹੀਂ ਨਿਕਲਣਗੇ।
- ਟਮਾਟਰ ਦੀ ਚਟਣੀ ਬਣਾਉਂਦੇ ਸਮੇਂ ਉਸ ਵਿਚ ਨਮਕ ਉੱਪਰ ਨਾ ਪਾਓ। ਨਮਕ ਹੇਠਾਂ ਉਤਾਰ ਕੇ ਪਾਓ। ਟਮਾਟਰ ਦਾ ਰੰਗ ਜਿਉਂ ਦਾ ਤਿਉਂ ਬਣਿਆ ਰਹੇਗਾ।
- ਚੂਨੇ ਦੇ ਪਾਣੀ ਵਿਚ ਆਂਡੇ ਰੱਖਣ ਨਾਲ ਆਂਡੇ ਜ਼ਿਆਦਾ ਦਿਨ ਤੱਕ ਰੱਖੇ ਜਾ ਸਕਦੇ ਹਨ।
- ਡੋਸਾ ਜਾਂ ਪਕੌੜੀ ਤਲਦੇ ਸਮੇਂ ਘੋਲ ਵਿਚ ਮੂੰਗੀ ਦੀ ਦਾਲ ਦੀਆਂ ਛਿੱਲਾਂ ਦਾ ਪਾਊਡਰ ਮਿਲਾ ਦਿਓ। ਡੋਸਾ ਜਾਂ ਪਕੌੜੇ ਕੁਰਕੁਰੇ ਬਣਨਗੇ।
- ਆਟਾ ਗੁੰਨ੍ਹਦੇ ਸਮੇਂ ਪਤਲਾ ਹੋ ਗਿਆ ਹੋਵੇ ਤਾਂ ਪੇੜਾ ਤੋੜਨ ਤੋਂ ਪਹਿਲਾਂ ਹੱਥ 'ਤੇ ਤੇਲ ਲਗਾ ਲਓ, ਫਿਰ ਪੇੜਾ ਤੋੜੋ, ਰੋਟੀ ਅਸਾਨੀ ਨਾਲ ਵੇਲ ਹੋਵੇਗੀ।
- ਖਮੀਰ ਛੇਤੀ ਉਠਾਉਣ ਲਈ ਉਸ ਚੀਜ਼ ਵਿਚ ਮੱਠਾ ਜਾਂ ਦਹੀਂ ਪਾ ਦਿਓ। ਖਮੀਰ ਛੇਤੀ ਉੱਠੇਗਾ।
- ਆਲੂ ਦੇ ਪਰਾਉਂਠੇ ਬਣਾਉਂਦੇ ਸਮੇਂ ਹਿੰਗ ਪਾਣੀ ਵਿਚ ਘੋਲ ਕੇ ਆਲੂ ਦੀ ਪੀਠੀ ਵਿਚ ਮਿਲਾ ਦਿਓ। ਪਰਾਉਂਠੇ ਅਸਾਨੀ ਨਾਲ ਹਜ਼ਮ ਹੋਣਗੇ।
- ਚੀਰੀ ਹੋਈ ਅਰਬੀ ਨੂੰ ਹਲਦੀ ਪਾਊਡਰ ਦੇ ਪਾਣੀ ਵਿਚ ਰੱਖਣ ਨਾਲ ਅਰਬੀ ਕਾਲੀ ਨਹੀਂ ਹੋਵੇਗੀ।
- ਭੋਜਨ ਵਿਚ ਖਾਣ ਵਾਲੇ ਸੋਢੇ ਦੀ ਵਰਤੋਂ ਘੱਟ ਹੀ ਕਰੋ। ਖਾਣ ਵਾਲੇ ਸੋਢੇ ਦੀ ਵਰਤੋਂ ਸਾਡੇ ਸਿਹਤ ਲਈ ਨੁਕਸਾਨਦਾਇਕ ਹੈ।
- ਸਰਦੀ ਦੇ ਮੌਸਮ ਵਿਚ ਟਮਾਟਰ ਪਾਣੀ ਵਿਚ ਰੱਖ ਦਿਓ। ਟਮਾਟਰ ਜਿਵੇਂ ਤੁਸੀਂ ਰੱਖੇ ਸੀ, ਉਵੇਂ ਹੀ ਬਣੇ ਰਹਿਣਗੇ। × ਹਰੀਆਂ ਮਿਰਚਾਂ ਦੀ ਡੰਡੀ ਤੋੜ ਦਿਓ, ਹਰੀਆਂ ਮਿਰਚਾਂ ਛੇਤੀ ਨਹੀਂ ਮੁਰਝਾਉਣੀਆਂ। ਅਜ਼ਵਾਇਣ ਦੇ ਪੱਤੇ ਸੁਕਾ ਕੇ ਉਸ ਦਾ ਪਾਊਡਰ ਸਲਾਦ ਵਿਚ ਪਾ ਕੇ ਖਾਓ। ਸਲਾਦ ਸਵਾਦੀ ਲੱਗੇਗਾ।

Buying Your Home?
Need a Quick Approval for Pre-Sale of Condo?
Ranked One of The "TOP MORTGAGE BROKERS" in Canada
2022 TOP 75 BROKERS CMP
plus BONUS* FREE LEGAL FEE & APPRAISAL

Superior Mortgage
Unit 244-8138-128 Street, Surrey
604 507 1000
Our Symbol of Care & Service

ਸ਼ੋਰ ਸਾਈਡ ਫਿਸ਼ ਕੈਨਰੀ

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।
- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
PHONE: 604-244-1118
FAX: 604-270-3075
ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

Gold key INSURANCE

# Explore Your Options

ਪੰਜਾਬੀ
हिंदी

**Number 1** in the Community **for 25 years.**

# Stop Paying Too Much!

Get **10 Quotes** instead of 1

Compare from the top Canadian Insurers



intact INSURANCE · Wawanesa Insurance · family INSURANCE · GORE MUTUAL › GO FORWARD · TRAVELERS · PEACE HILLS INSURANCE · MAX INSURANCE · AVIVA · MUTUAL FIRE INSURANCE · OPTIMUM.

HOME · AUTO | ICBC · CONDO · BUSINESS · TRUCKING · TENANTS · TRAVEL MEDICAL · MOTORBIKE · BOAT

CALL NOW

**604 502 0441**

**ICBC** ONLINE AND DELIVERY AVAILABLE.

**$50 VISA Gift Card for all quotes.**

($25 for Condo) No Obligations to purchase, let's try to save you money. *Limited time offer.*

**SURREY**
**(604) 502 0441**
FAX (604) 502 0417
5-8430 128TH ST.
SURREY, BC
V3W 4G3

**NORTH VANCOUVER**
**(604) 635 2048**
FAX (604) 635 2049
110-845 MARINE DR.
NORTH VANCOUVER, BC
V7P 0A8

**VANCOUVER**
**(604) 325 1241**
FAX (604) 325 1414
4038 KNIGHT ST.
VANCOUVER, BC
V5N 5Y7

**OAKWEST**
**(604) 266 5533**
FAX (604) 266 2379
6260 EAST BLVD.
VANCOUVER, BC
V6M 3VJ

**OPEN 7 DAYS**

ICBC Autoplan

www.goldkeyinsurance.ca

Gk



fruiticana hee jaana!
Your one and only Punjabi neighbourhood store Since 1994
੧੯੯੪ ਤੋਂ ਤੁਹਾਡਾ ਅਪਣਾ ਇੱਕੋ ਇੱਕ ਪੰਜਾਬੀ ਨੇਬਰਹੁੱਡ ਸਟੋਰ
LOWEST PRICES IN TOWN
UNBEATABLE EXTRA SUPER SPECIAL
Punjabi Shakkar (Indican)
ਪੰਜਾਬੀ ਸ਼ੱਕਰ ਇੰਡੀਕੈਂਨ 2lbs ਜਾਰ 2 lbs
$3.99 jar
EXTRA SUPER SUPER SPECIAL
Roasted Peanuts in Shell
ਭੁੱਜੀ ਮੂੰਗਫਲੀ
$1.88 lb
Desi Karela
ਦੇਸੀ ਕਰੇਲਾ
$1.99 lb
SUPER SPECIAL
Rapini (Sarson da Saag)
ਸਰਸੋਂ ਦਾ ਸਾਗ
$1.99 bunch
SUPER SPECIAL
Fresh Ginger
ਤਾਜ਼ਾ ਅਦਰਕ
$1.98 lb
SUPER SPECIAL
Daikon (Moli)
ਮੂਲੀ
99¢ lb
Masala Gur 2 lbs Shell
ਮਸਾਲਾ ਗੁੜ
$2.99 pkg.
Red Lentil Whole, Red Lentil Split & Black Chana 4 lbs (Indican)
ਧੋਤੀ ਮਸਰਾਂ ਦੀ ਦਾਲ
ਮਸਰਾ ਦੀ ਸਾਬਤ ਦਾਲ, ਕਾਲੇ ਛੋਲੇ
( ਇੰਡੀਕੈਂਨ )
$3.98 bag
SUPER SPECIAL
Fresh Garlic
ਤਾਜਾ ਲਸਣ
99¢ lb
SUPER SPECIAL
Cilantro
ਧਣੀਆ
2 bunches for 99¢
SUPER SPECIAL
Opo Squash (Long)
ਓਪੋ ਕੱਦੂ
99¢ lb
Heer Besan 4 lbs
ਹੀਰ ਬੇਸਨ
$3.99 pkg.
Red Lentil Split
ਧੋਤੀ ਮਸਰਾਂ ਦੀ ਦਾਲ
88¢ lb
Bartlett Pears
ਬਾਰਟਲੇਟ ਨਾਸ਼ਪਾਤੀ
$1.29 lb
Anjou Pears
ਅੰਜੂ ਨਾਸ਼ਪਾਤੀ
$1.29 lb
Pink Lady Apples
ਗੁਲਾਬੀ ਲੇਡੀ ਸੇਬ
99¢ lb
Swarna Chakki Atta 20 lbs
ਸਵਰਨਾ ਚੱਕੀ ਅੱਟਾ
$17.99 bag
Red Lentil Whole
ਮਸਰਾ ਦੀ ਸਾਬਤ ਦਾਲ
88¢ lb
Gala Apples US #1
ਗਾਲਾ ਸੇਬ ਯੂ.ਐਸ. #੧
99¢ lb
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
88¢ lb
Large Seedless Oranges
ਵੱਡੇ ਸੰਤਰੇ
( ਬਿਨਾ ਬੀਜ ਤੋਂ )
99¢ lb
Mazola Corn Oil 2.84 L
ਮਜ਼ੋਲਾ ਮੱਕੀ ਦਾ ਤੇਲ 2.84 ਲੀਟਰ
$12.99 ea.
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Yellow Onions 50 lbs USA #1
ਪੀਲੇ ਗੰਢੇ ਯੂ.ਐਸ. #੧
$17.99 bag
Green Cabbage
ਹਰੀ ਬੰਦ ਗੋਭੀ
69¢ lb
Russet Potatoes Snoboy 10 lbs
ਆਲੂ ਰਸਟ ਸਨੋਬੁਆਏ
$3.98 bag
Seviyan Egg-free 300 g
ਸੇਵੀਆਂ ਐਗਫ੍ਰੀ 300 ਗ੍ਰਾਮ
2 Packs for $2.99
Fri Jan 26, 2024 - Wed Jan 31, 2024
We reserve the right to limit the quantities while they last
Specials valid for Lower Mainland only
Product images may differ from the actual product.
23 LOCATIONS TO SERVE YOU IN BC & ALBERTA
Head Office: 7676 Anvil Way, Surrey
604-502-0005
fruiticana SINCE 1994
BUSINESS HOURS 9 AM - 8 PM 7 DAYS A WEEK
Newton ---------- 13783 72nd Ave. Surrey ---- 604-590-2080
Newton ---------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ---------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey ------------ 12990 72nd Ave. ------------- 604-503-5510
Surrey ------------ 12788 76A Ave. Surrey ----- 604-597-1676
Surrey ------------ 16788 64 Ave. ---------------- 604-372-2023
Surrey ------------ 101-7228 192St. ------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ---------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. -------------- 604-321-9931
Richmond------- 4101 No.5 Rd. ---------------- 604-244-9520